**ਐਮ.ਏ. (ਸਿੱਖ ਅਧਿਐਨ) ਭਾਗ-ਪਹਿਲਾ** **ਪਰਚਾ ਪਹਿਲਾ**

**ਸਮੈਸਟਰ-ਪਹਿਲਾ** **(Approaches to the Study of Religion)**

**ਯੂਨਿਟ ਨੰਬਰ : 2**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**


2.1 : ਧਰਮ ਦੀ ਮਾਨਵ-ਵਿਗਿਆਨੀ ਅਧਿਐਨ-ਵਿਧੀ

2.2 : ਧਰਮ ਦੀ ਸਮਾਜ-ਵਿਗਿਆਨੀ ਅਧਿਐਨ-ਵਿਧੀ

2.3 : ਧਰਮ ਦੀ ਪਰਪੰਚ ਵਿਗਿਆਨੀ ਪਹੁੰਚ-ਵਿਧੀ

2.4 : ਧਰਮ ਦੀ ਮਨੋਵਿਗਿਆਨਿਕ ਪਹੁੰਚ ਵਿਧੀ (ਸਿਗਮੰਡ ਫਰਾਇਡ)

ਪਾਠ ਨੰਬਰ : 2.1 ਲੇਖਕ : ਡਾ. ਦਰਸ਼ਨ ਸਿੰਘ

# ਧਰਮ ਦੀ ਮਾਨਵ-ਵਿਗਿਆਨੀ ਅਧਿਐਨ -ਵਿਧੀ (ਐਡਵਰਡ ਬੁਰਨੇਟ ਟਾਇਲਰ ਅਤੇ ਜੇਮਜ਼ ਜਾਰਜ਼ ਫਰੇਜ਼ਰ ਦੇ ਵਿਸ਼ੇਸ਼ ਹਵਾਲੇ ਸਹਿਤ)

**ਭੂਮਿਕਾ**:

ਧਰਮ ਅਧਿਐਨ ਦੀਆਂ ਅਨੇਕ ਵਿਧੀਆਂ ਹਨ। ਕੋਈ ਗ੍ਰੰਥ ਨੂੰ ਕੇਂਦਰ ਮੰਨਕੇ ਅਧਿਐਨ ਕਰਦਾ ਹੈ ਅਤੇ ਕਿਸੇ ਦੂਸਰੀ ਵਿਚ ਕਿਸੇ ਵਿਸ਼ੇਸ਼ ਵਿਚਾਰ ਨੂੰ ਆਧਾਰ ਬਣਾਇਆ ਜਾਂਦਾ ਹੈ। ਇਸ ਪਾਠ ਵਿਚ ਮਾਨਵ ਵਿਗਿਆਨੀ ਵਿਧੀ ਰਾਹੀਂ ਅਧਿਐਨ ਕੀਤਾ ਜਾਵੇਗਾ।

ਮਾਨਵ ਵਿਗਿਆਨ (Anthropology) ਸ਼ਬਦ ਕੋਸ਼ ਅਨੁਸਾਰ "ਮਨੁੱਖ ਦਾ ਅਧਿਐਨ ਹੈ।" ਮਾਨਵ ਵਿਗਿਆਨ ਦਾ ਅਧਿਐਨ ਖੇਤਰ ਮਾਨਵ-ਜਾਤੀ ਜਿਤਨਾ ਹੀ ਵਿਸ਼ਾਲ ਹੈ। ਇਸ ਵਿਚ ਮਨੁੱਖ ਦੇ ਸਰੀਰਕ, ਸਭਿਆਚਾਰਕ ਅਤੇ ਸਮਾਜਿਕ ਸਭ ਪੱਖਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਂਦਾ ਹੈ। ਭੁਗੋਲਿਕ ਤੇ ਇਤਿਹਾਸਕ ਪੱਖੋਂ ਇਹ ਕਿਧਰੇ ਵੀ ਵਰਤਮਾਨ ਸਾਧਾਰਣ ਤੋਂ ਸਾਧਾਰਣ, ਜਟਿਲ ਤੋਂ ਜਟਿਲ, ਮੁੱਢਲੇ ਤੋਂ ਮੁੱਢਲੇ ਅਤੇ ਵਰਤਮਾਨ ਤੋਂ ਵਰਤਮਾਨ ਖੇਤਰ ਇਸ ਦੇ ਅਧਿਐਨ ਦਾ ਵਿਸ਼ਾ ਬਣ ਸਕਦਾ ਹੈ। ਇਸ ਤਰ੍ਹਾਂ ਮਾਨਵ-ਵਿਗਿਆਨ ਮਨੁੱਖ ਨੂੰ ਉਸ ਦੀ ਸਮੁੱਚਤਾ ਵਿਚ ਸਮਝਣ ਲਈ ਮਨੁੱਖ ਅਤੇ ਉਸ ਦੇ ਸਭਿਆਚਾਰ ਦਾ ਅਧਿਐਨ ਕਰਦਾ ਅਤੇ ਭੌਤਿਕ ਅਥਵਾ ਸਰੀਰਕ ਅਤੇ ਸਭਿਆਚਾਰਕ ਦੋਵੇਂ ਪੱਖ ਇਸ ਅਧਿਐਨ ਦਾ ਅਨਿਖੜ ਅੰਗ ਹੁੰਦੇ ਹਨ। ਆਪਣੇ ਅਧਿਐਨ ਵਿਚ ਮਾਨਵ-ਵਿਗਿਆਨੀ ਮਨੁੱਖੀ ਜੀਵਨ ਨਾਲ ਸੰਬੰਧਿਤ ਹਰੇਕ ਪ੍ਰਪੰਚ ਦੇ ਆਰੰਭ, ਵਿਕਾਸ ਪਰਿਵਰਤਨ, ਅੰਤਰ-ਸੰਬੰਧਾਂ, ਕਾਰਜ, ਅਰਥਾਂ ਆਦਿ ਨੂੰ ਜਾਨਣ ਦਾ ਯਤਨ ਕਰਦਾ ਹੈ।ਸੰਖੇਪ ਵਿਚ ਮਾਨਵ-ਵਿਗਿਆਨੀ ਮਨੁੱਖ ਦੇ ਸਰੀਰਕ ਲੱਛਣਾਂ ਤੇ ਸਮੁੱਚੇ ਸਮਾਜਿਕ ਅਨੁਭਵ ਦੇ ਅਧਿਐਨ ਰਾਹੀਂ ਮਾਨਵਤਾ ਨੂੰ ਸਮਝਣ ਦਾ ਯਤਨ ਕਰਦਾ ਹੈ।

ਵਿਸ਼ੇ ਖੇਤਰ ਦੀ ਵਿਆਪਕਤਾ ਕਰਕੇ ਕੰਮ ਦੀ ਵੰਡ ਅਤੇ ਮੁਹਾਰਤ ਦੀ ਦ੍ਰਿਸ਼ਟੀ ਤੋਂ ਮਾਨਵ-ਵਿਗਿਆਨ ਨੂੰ ਭੌਤਿਕ (Physical Anthropology) ਅਤੇ ਸਭਿਆਚਾਰਕ (Cultural anthropologh) ਉਪ-ਖੇਤਰਾਂ ਵਿਚ ਵੰਡਿਆ ਗਿਆ।

ਭੌਤਿਕ ਮਾਨਵ-ਵਿਗਿਆਨ (Physical Anthropology) ਮੁੱਖ ਰੂਪ ਵਿਚ ਮਨੁੱਖ ਦੇ ਸਰੀਰਕ ਪੱਖਾਂ ਅਤੇ ਮਨੁੱਖੀ ਵਿਕਾਸ, ਵਿਲੱਖਣਤਾ, ਅਨੁਕੂਲਨ (Adaptation) ਆਦਿ ਦਾ ਅਧਿਐਨ ਕਰਦਾ ਹੈ ਜਦੋਂ ਕਿ ਸਭਿਆਚਾਰਕ ਮਾਨਵ-ਵਿਗਿਆਨ (Cultural Anthropology) ਮਨੁੱਖੀ ਸਭਿਆਚਾਰਾ, ਉਨ੍ਹਾਂ ਦੇ ਇਤਿਹਾਸ, ਬਣਤਰ ਅਤੇ ਕਾਰਜਾਂ ਦਾ ਅਧਿਐਨ ਕਰਦਾ ਹੈ। ਇਥੇ ਇਹ ਗੱਲ ਵਰਣਨ ਕਰ ਦੇਣੀ ਜ਼ਰੂਰੀ ਜਾਪਦੀ ਹੈ ਕਿ ਭਾਵੇਂ ਮਾਨਵ-ਵਿਗਿਆਨ ਦੇ ਅਧਿਐਨ ਖੇਤਰ ਉਤੇ ਸਿਧਾਂਤਕ ਰੂਪ ਵਿਚ ਕੋਈ ਸੀਮਾ ਨਹੀਂ ਹੁੰਦੀ ਫਿਰ ਵੀ ਅਸਲ ਵਿਚ ਬਹੁਤ ਮਾਨਵ-ਵਿਗਿਆਨੀਆਂ ਨੇ ਪੁਰਾਤਨ ਮਨੁੱਖਾਂ , ਕਬੀਲਿਆਂ ਅਤੇ ਸਮਾਜਾਂ ਨੂੰ ਹੀ ਆਪਣੇ ਅਧਿਐਨ ਦਾ ਖੇਤਰ ਬਣਾਇਆ ਹੈ।ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਪੁਰਾਤਤਵ-ਵਿਗਿਆਨ ਸਭਿਆਚਾਰਕ ਮਾਨਵ-ਵਿਗਿਆਨ ਦੀ ਹੀ ਇਕ ਉਪ-ਸ਼ਾਖਾ ਹੈ ਅਤੇ ਇਹ ਬੀਤੇ ਸਮਿਆਂ ਦੀਆਂ ਮਰ ਮੁੱਕ ਚੁੱਕੀਆਂ ਸਭਿਆਤਾਵਾਂ ਦੇ ਮਿਲਦੇ ਪ੍ਰਮਾਣਾ, ਪੁਰਾਲੇਖਾਂ ਤੋਂ ਪੁਨਰ-ਨਿਰਮਾਣ ਰਾਹੀਂ ਉਨ੍ਹਾਂ ਦੇ ਸਭਿਆਚਾਰਾਂ ਨੂੰ ਸਮਝਣ ਦਾ ਯਤਨ ਕਰਦਾ ਹੈ। ਭਾਸ਼ਾ ਵਿਗਿਆਨ (Linguistics) ਸਭਿਆਚਾਰਕ ਮਾਨਵ-ਵਿਗਿਆਨ ਦੀ ਇਕ ਹੋਰ

ਉਪ ਸ਼ਾਖਾ ਹੈ ਜੋ ਭਾਸ਼ਾ ਦੇ ਅਧਿਐਨ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਭਾਸ਼ਾ ਭਾਵੇਂ ਸਭਿਆਚਾਰ ਦਾ ਹੀ ਇਕ ਅੰਗ ਹੈ ਫਿਰ ਵੀ ਇਸ ਦਾ ਅਧਿਐਨ ਇਕ ਸੁਤੰਤਰ ਉਪ ਖੇਤਰ ਇਸ ਲਈ ਬਣ ਗਿਆ ਹੈ ਕਿਉਂਕਿ ਇਸ ਦੀ ਸੰਰਚਨਾ ਦੇ ਕਈ ਪੱਖਾਂ ਦੀ ਸੁਤੰਤਰ ਖੋਜ ਕੀਤੀ ਜਾ ਸਕਦੀ। ਮਾਨਵ-ਵਿਗਿਆਨ ਭਾਸ਼ਾ ਸ਼ਾਸ਼ਤਰੀ ਅਨੇਕਾਂ ਅਲਿਖਤ ਅਤੇ ਖਤਮ ਹੋ ਰਹੀਆਂ ਭਾਸ਼ਾਵਾਂ ਨੂੰ ਸੰਭਾਲਣ, ਵਿਸ਼ਲੇਸ਼ਣ ਕਰਨ ਅਤੇ ਵਰਗੀਕਰਣ ਕਰਨ ਦੇ ਨਾਲ ਨਾਲ ਭਾਸ਼ਾ ਅਤੇ ਸਭਿਆਚਾਰ ਦੇ ਨਜ਼ਦੀਕ ਸੰਬੰਧ ਨੂੰ ਉਘਾੜਨ ਦਾ ਵੀ ਯਤਨ ਕਰਦਾ ਹੈ। ਭਾਸ਼ਾ ਵਿਗਿਆਨ ਦੀ ਇਸ ਉਪਭਾਸ਼ਾ ਨੂੰ ਜਾਤੀ ਭਾਸ਼ਾ ਵਿਗਿਆਨ (Ethnolinguistics) ਵੀ ਕਿਹਾ ਜਾਂਦਾ ਹੈ। ਅਖੀਰ ਤੇ ਜਾਤੀ-ਵਿਗਿਆਨ (Ethnology) ਸਭਿਆਚਾਰਕ ਮਾਨਵ-ਵਿਗਿਆਨ ਦੀ ਇਕ ਹੋਰ ਉਪ ਸ਼ਾਖਾ ਹੈ ਜੋ ਕਿ ਮਨੁੱਖੀ ਸਭਿਆਚਾਰਾਂ - ਜਿਥੇ ਕਿਤੇ ਵੀ ਉਹ ਮਿਲਦੇ ਹਨ- ਦਾ ਵਰਣਨ ਅਤੇ ਵਿਸ਼ਲੇਸ਼ਣ ਕਰਦਾ ਹੈ। ਇਹ ਉਨ੍ਹਾਂ ਲੋਕਾਂ ਦੇ ਵਿਸ਼ਵਾਸ਼ ਤੇ ਅਮਲਾਂ ਦੀ ਖੋਜ ਕਰਦਾ ਹੈ ਜੋ ਕਿ ਉਨ੍ਹਾਂ ਨੇ ਸਭਿਆਚਾਰ ਵਿਸ਼ੇਸ਼ ਦੇ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕੀਤੇ ਹਨ ਅਤੇ ਸਾਰੇ ਮਿਲ ਕੇ ਅਜਿਹੇ ਸਮੂਹਿਕ ਦਾ ਸਭਿਆਚਾਰ ਬਣਦੇ ਹਨ।

ਇਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਾਨਵ-ਵਿਗਿਆਨ ਦੇ ਅਜਿਹੇ ਵਿਸ਼ਾਲ ਖੇਤਰ ਨੂੰ ਇਕ ਇਕਾਈ ਦੇ ਰੂਪ ਵਿਚ ਕਿਵੇਂ ਸਮਝਿਆ ਜਾਵੇ ? ਮਾਨਵ-ਵਿਗਿਆਨ ਦੀ ਇਕਾਈ ਦਾ ਸੂਤਰ ਇਸ ਰਾਹੀਂ ਅਪਣਾਈ ਖੋਜ ਵਿਧੀ ਦੇ ਸਿਧਾਂਤਾਂ ਵਿਚੋਂ ਲੱਭਿਆ ਜਾ ਸਕਦਾ ਹੈ। ਮਾਨਵ-ਵਿਗਿਆਨ ਦੀ ਖੋਜ-ਵਿਧੀ ਦਾ ਪਹਿਲਾ ਤੇ ਪ੍ਰਮੁੱਖ ਸਿਧਾਂਤ ਇਹ ਹੈ ਕਿ ਜੇਕਰ ਮਨੁੱਖਤਾ ਨੂੰ ਉਸ ਦੀ ਸਮੁੱਚਤਾ ਵਿਚ ਸਮਝਣਾ ਹੈ ਤਾਂ ਸਮੁੱਚੇ ਮਨੁੱਖੀ ਪਰਪੰਚ (human-phenomena) ਸਰੀਰਕ, ਇਤਿਹਾਸਕ, ਭਾਸ਼ਾਈ ਜਾਂ ਸਭਿਆਚਾਰ ਨੂੰ ਇਕ ਦੂਜੇ ਨਾਲ ਜੋੜ ਕੇ ਵੇਖਿਆ ਜਾਵੇ। ਇਸ ਪਹੁੰਚ ਵਿਧੀ ਨੂੰ ਮਾਨਵ-ਵਿਗਿਆਨ ਸਾਰਵਿਕ (holistic) ਅਧਿਐਨ ਵਿਧੀ ਆਖਦੇ ਹਨ। ਮਾਨਵ-ਵਿਗਿਆਨ ਦਾ ਦੂਜਾ ਵਿਸ਼ੇਸ਼ ਲੱਛਣ ਸਭਿਆਚਾਰਕ ਮਾਨਵ-ਵਿਗਿਆਨ ਦੇ ਪਰਸੰਗ ਵਿਚ ਦੋ ਅਰਥਾਂ ਦਾ ਧਾਰਨੀ ਹੈ। ਸਭਿਆਚਾਰ ਆਪਣੇ ਸਾਧਾਰਣ ਅਰਥਾਂ ਵਿਚ ਮਨੁੱਖ ਦੀ ਸਮੁੱਚੀ ਸਮਾਜਿਕ ਵਿਰਾਸਤ ਦੇ ਅਰਥਾਂ ਦਾ ਲਖਾਇਕ ਹੈ, ਵਿਸ਼ੇਸ਼ ਅਰਥਾਂ ਵਿਚ ਇਹ ਕਿਸੇ ਵਿਸ਼ੇਸ਼ ਮਨੁੱਖ ਸਮੂਹ ਦੀ ਜੀਵਨ ਜਾਂਚ, ਪਰੰਪਰਾ ਦਾ ਸੂਚਕ ਹੈ ਜੋ ਮਨੁੱਖ ਨੇ ਉਸ ਸਮੂਹ ਵਿਸ਼ੇਸ਼ ਦਾ ਮੈਂਬਰ ਹੋਣ ਦੇ ਨਾਤੇ ਧਾਰਨ ਕੀਤੀ ਹੈ। ਸਭਿਆਚਾਰ ਦਾ ਸੰਕਲਪ ਮਨੁੱਖੀ ਵਰਤਾਰੇ ਨੂੰ ਸਮਝਣ ਲਈ ਬੁਨਿਆਦੀ ਯੋਗਦਾਨ ਹੈ। ਇਸ ਸੰਕਲਪ ਦਾ ਤੱਤ ਸਾਰ ਇਹ ਹੈ ਕਿ ਮਨੁੱਖੀ ਵਰਤਾਵ ਪ੍ਰਾਪਤ ਕੀਤਾ ਅਤੇ ਸਿੱਖਿਆ ਹੋਇਆ ਵਰਤਾਵ ਹੈ ਜਿਹੜਾ ਪੀੜ੍ਹੀ ਦਰ ਪੀੜ੍ਹੀ ਮਨੁੱਖ ਸਿੱਖਦਾ ਸਿਖਾਂਦਾ ਆਇਆ ਹੈ।

ਮਾਨਵ ਦੀ ਵਿਗਿਆਨਕ ਖੋਜ-ਵਿਧੀ ਦੇ ਕੁਝ ਹੋਰ ਬੁਨਿਆਦੀ ਸਿਧਾਂਤ ਇਸ ਤਰ੍ਹਾਂ ਹਨ :

(1) ਸਾਰਵਲੋਕਿਕਤਾ (Universality)

(2) ਪ੍ਰਯੋਗਵਾਦ (Empiricism)

(3) ਤੁਲਨਾ (Comparison)

(4) ਨਿਰਪੱਖਤਾ (Objectivity)।

ਸਾਰਵਲੋਕਿਕਤਾ ਤੋਂ ਭਾਵ ਹੈ ਕਿ ਮਾਨਵ-ਵਿਗਿਆਨੀ ਖੋਜ-ਵਿਧੀ ਸਾਰੇ ਗਿਆਤ ਧਰਮਾਂ ਤੇ ਧਾਰਮਿਕ ਪ੍ਰਪੰਚ ਨੂੰ ਆਪਣੇ ਅਧਿਐਨ ਵਿਚ ਸ਼ਾਮਲ ਕਰਦੀ ਹੈ ਅਤੇ ਕਿਸੇ ਨੂੰ ਵੀ ਵਿਸ਼ੇਸ਼ ਰੁਚੀ, ਉੱਤਮਤਾ ਜਾਂ ਹੋਰ ਅਵਿਗਿਆਨਕ ਕਾਰਨਾਂ ਕਰਕੇ ਤਿਆਗਦੀ ਨਹੀਂ ਹਰੇਕ ਸਭਿਆਚਾਰ ਦੇ ਸਦਾਚਾਰਕ ਮਾਪਦੰਡ ਵੱਖਰੇ ਵੱਖਰੇ ਹੁੰਦੇ ਹਨ ਪ੍ਰੰਤੂ ਮਾਨਵ-ਵਿਗਿਆਨੀ ਉਨ੍ਹਾਂ ਦਾ ਉਸੇ ਰੂਪ ਵਿਚ ਅਧਿਐਨ ਕਰਦਾ ਹੈ ਜਿਸ ਰੂਪ ਵਿਚ ਉਹ ਮਿਲਦੇ ਹਨ।

ਸਮਕਾਲੀ ਮਾਨਵ-ਵਿਗਿਆਨ ਵਿਚ ਧਰਮ ਦਾ ਅਧਿਐਨ ਪ੍ਰਯੋਗਵਾਦੀ ਹੈ ਕਿਉਂਕਿ ਉਹ ਖੇਤਰੀ-ਜਾਂਚ (field research) ਤੇ ਆਧਾਰਤ ਹੁੰਦਾ ਹੈ। ਇਸ ਤਰ੍ਹਾਂ ਮਾਨਵ ਵਿਗਿਆਨੀ ਨਾ ਸਿਰਫ ਅਸਿਖਿਤ ਨਿਰੀਖਅਕਾਂ ਦੇ ਉਲੇਖਾਂ ਤੇ ਨਿਰਭਰ ਹੋਣ ਤੋਂ ਬਚ ਜਾਂਦਾ ਹੈ ਬਲਕਿ ਧਰਮ ਨੂੰ ਉਸ ਦੇ ਸਮੁੱਚੇ ਸਭਿਆਚਾਰਕ ਪ੍ਰਸੰਗ ਵਿਚ ਨਿਰੀਖਣ ਕਰਨ ਦਾ ਮੌਕਾ ਵੀ ਪ੍ਰਾਪਤ ਹੋ ਜਾਂਦਾ ਹੈ।

ਸਮਾਨ ਭਾਂਤ ਦੇ ਧਾਰਮਿਕ ਤੱਥਾਂ ਦੀ ਤੁਲਨਾ ਰਾਹੀਂ ਮਾਨਵ-ਵਿਗਿਆਨੀ ਉਨ੍ਹਾਂ ਦੇ ਆਮ ਅਰਥਾਂ ਤੇ ਪੁੱਜਣ ਦਾ ਯਤਨ ਕਰਦਾ ਹੈ ਤੁਲਨਾ ਦੀ ਵਿਧੀ ਰਾਹੀਂ ਇਤਿਹਾਸਕ ਸੰਬੰਧ, ਵਿਕਾਸਵਾਦੀ ਤਰਤੀਬ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਤੋਂ ਰੂਪ-ਵਿਧੀਆਂ (typologies) ਦੇ ਨਿਰਮਾਣ ਵਿਚ ਸਹਾਇਤਾ ਮਿਲਦੀ ਹੈ।

ਮਾਨਵ-ਵਿਗਿਆਨੀ ਖੋਜ-ਵਿਧੀ ਨਿਰਪੱਖਤਾ ਨੂੰ ਖੋਜ ਦਾ ਬੁਨਿਆਦੀ ਲੱਛਣ ਮੰਨਦੀ ਹੈ ਜਿਸ ਦਾ ਅਰਥ ਹੈ ਕਿ ਖੋਜਕਾਰ ਨਿਰਪੱਖ ਰਹੇ। ਉਸ ਦਾ ਕਿਸੇ ਧਰਮ ਵਿਸ਼ਵਾਸ਼ ਦੀ ਸੰਭਾਵਿਤ ਸਚਾਈ ਜਾਂ ਸਿਖਿਆ ਨਾਲ ਕੋਈ ਸੰਬੰਧ ਨਹੀਂ ਬਲਕਿ ਵਿਸ਼ਵਾਸ਼ਾਂ ਦੀ ਹੋਂਦ ਅਤੇ ਮਹੱਤਵ ਨਾਲ ਹੀ ਸਰੋਕਾਰ ਹੈ।ਇਸ ਤਰ੍ਹਾਂ ਇਹ ਚਾਰ ਸਿਧਾਂਤ ਸਾਰਵਿਕ ਪਹੁੰਚ ਵਿਧੀ (holistic approach) ਅਤੇ ਸਭਿਆਚਾਰਕ ਦੇ ਸੰਕਲਪ ਦੀ ਵਰਤੋਂ ਨਾਲ ਮਿਲਕੇ ਮਾਨਵ-ਵਿਗਿਆਨ ਦੀ ਵਿਸ਼ੇਸ਼ ਅਧਿਐਨ ਵਿਧੀ ਦਾ ਨਿਰਮਾਣ ਕਰਦੇ ਹਨ।

ਮਾਨਵ-ਵਿਗਿਆਨ ਦੀਆਂ ਉਪਰ ਵਰਣਿਤ ਦੋ ਸ਼ਾਖਾਵਾਂ ਵਿਚ ਭੌਤਿਕ ਮਾਨਵ-ਵਿਗਿਆਨ (Physical Anthropology) ਤਾਂ ਮਨੁੱਖ ਦੇ ਸਰੀਰਕ ਲੱਛਣਾਂ ਨਾਲ ਹੀ ਸੰਬੰਧਿਤ ਹੈ ਇਸ ਲਈ ਇਹ ਧਰਮ ਨੂੰ ਆਪਣੇ ਅਧਿਐਨ ਦਾ ਵਿਸ਼ਾ ਨਹੀਂ ਬਣਾਉਂਦੀ। ਸਭਿਆਚਾਰਕ ਮਾਨਵ-ਵਿਗਿਆਨ (Cultural Anthropology) ਸਭਿਆਚਾਰ ਦੇ ਅਧਿਐਨ ਰਾਹੀਂ ਮਨੁੱਖ ਦੀ ਸਮਝ ਗ੍ਰਹਿਣ ਕਰਨ ਦਾ ਯਤਨ ਕਰਦੀ ਹੈ ਇਸ ਕਰਕੇ ਇਹ ਧਰਮ ਨੂੰ ਵੀ ਆਪਣੇ ਅਧਿਐਨ ਖੇਤਰ ਵਿਚ ਸ਼ਾਮਲ ਕਰਦੀ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਮਾਨਵ ਵਿਗਿਆਨ ਵਿਚ ਧਰਮ ਦਾ ਅਧਿਐਨ ਧਾਰਮਿਕ ਦ੍ਰਿਸ਼ਟੀਕੋਣ ਤੋਂ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਅਜਿਹਾ ਅਧਿਐਨ ਮਾਨਵ ਵਿਗਿਅਨ ਦਾ ਮੂਲ ਵਾਸਤਾ ਹੀ ਹੁੰਦਾ ਹੈ। ਜਿਵੇਂ ਕਿ ਉਪਰ ਕਿਹਾ ਹੈ ਕਿ ਮਾਨਵ-ਵਿਗਿਆਨ ਤਾਂ ਮਨੁੱਖੀ ਸਾਇੰਸ ਹੈ ਅਤੇ ਇਸ ਦਾ ਮਨੋਰਥ ਮਨੁੱਖ ਦਾ ਉਸ ਦੀ ਸਮੁੱਚਤਾ ਵਿਚ ਗਿਆਨ ਪ੍ਰਾਪਤ ਕਰਨਾ ਹੈ ਜਿਹੜਾ ਮਾਨਵ ਵਿਗਿਆਨੀ ਸਭਿਆਚਾਰ ਦੇ ਅਧਿਐਨ ਰਾਹੀਂ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਸਭਿਆਚਾਰ ਦਾ ਸੰਕਲਪ ਮਨੁੱਖ ਦੀ ਬਾਕੀ ਸਮੁੱਚੇ ਪ੍ਰਾਣੀ-ਜਗਤ ਨਾਲੋਂ ਵੱਖਰੀ ਪਛਾਣ ਨਿਰਧਾਰਤ ਕਰਦਾ ਹੈ। ਇਸ ਲਈ ਮਨੁੱਖ ਦੀ ਵਿਲੱਖਣ ਪਹਿਚਾਣ ਉਸ ਦੇ ਸਭਿਆਚਾਰ ਦੀ ਸਮਝ ਤੋਂ ਹੀ ਹੋ ਸਕਦੀ ਹੈ। ਮਾਨਵ-ਵਿਗਿਆਨੀ ਧਰਮ ਨੂੰ ਮਨੁੱਖੀ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਪ੍ਰੇਰਣਾ ਸ੍ਰੋਤ ਪ੍ਰਵਾਨ ਕਰਨ ਤੋਂ ਤਾਂ ਇਨਕਾਰੀ ਹੈ ਪ੍ਰੰਤੂ ਉਨ੍ਹਾਂ ਅਨੁਸਾਰ ਧਰਮ ਮਨੁੱਖੀ ਸਭਿਆਚਾਰ ਦਾ ਇਕ ਪ੍ਰਮੁੱਖ ਅੰਗ ਜ਼ਰੂਰ ਹੈ। ਕੋਈ ਅਜਿਹਾ ਮਨੁੱਖੀ ਸਮਾਜ ਨਹੀਂ ਜਿਥੇ ਧਰਮ ਦਾ ਵਰਤਾਰਾ ਨਾਂ ਰਿਹਾ ਹੋਵੇ।ਧਰਮ ਮਨੁੱਖ ਸਮਾਜ ਵਿਚ ਨਾ ਸਿਰਫ ਸਰਵ-ਵਿਆਪਕ ਹੀ ਹੈ ਬਲਕਿ ਇਹ ਦੂਜੀਆਂ ਸਭਿਆਚਾਰਕ ਸੰਸਥਾਵਾਂ, ਵਿਆਹ, ਅਰਥ ਸ਼ਾਸ਼ਤਰ, ਕਾਨੂੰਨ, ਰਾਜਨੀਤੀ ਨੂੰ ਵੀ ਪਰਸਪਰ ਰੂਪ ਵਿਚ ਪ੍ਰਭਾਵਿਤ ਕਰਦਾ ਹੈ ਅਤੇ ਚਕਿਤਸਾ ਵਿਗਿਆਨ, ਵਿਗਿਆਨ ਅਤੇ ਸ਼ਿਲਪ-ਵਿਗਿਆਨ ਦੇ ਖੇਤਰਾਂ ਵਿਚ ਵੀ ਪ੍ਰਭਾਵ ਪਾਉਂਦਾ ਹੈ।ਧਰਮ ਨੇ ਕ੍ਰਾਂਤੀਆਂ ਅਤੇ ਲੜਾਈਆਂ ਨੂੰ ਵੀ ਉਭਾਰਿਆ ਹੈ ਅਤੇ ਕਲਾ ਦੇ ਉਤਮ ਰੂਪ ਨੂੰ ਵੀ। ਕਿਸੇ ਵੀ ਹੋਰ ਸਭਿਆਚਾਰਕ ਸੰਸਥਾ ਦੇ ਇਤਨੇ ਵਿਆਪਕ ਪ੍ਰਗਟਾਵੇ ਅਤੇ ਪ੍ਰਭਾਵ ਨਹੀਂ ਦੇਖੇ ਜਾ ਸਕਦੇ। ਧਰਮ ਦੇ ਅਜਿਹੇ ਕੇਂਦਰੀ ਮਹੱਤਵ ਕਰਕੇ ਮਾਨਵ ਵਿਗਿਆਨੀ ਸ਼ੁਰੂ ਤੋਂ ਹੀ ਇਸ ਅਧਿਐਨ ਵਿਚ ਰੁਚਿਤ ਰਹੇ ਹਨ ਪਰੰਤੂ ਉਹ ਸਭਿਆਚਾਰ ਦੀ ਤਰ੍ਹਾਂ ਧਰਮ ਨੂੰ ਮਨੁੱਖ ਦੇ ਅਨੁਭਵ

ਅਤੇ ਲੋੜਾਂ ਚੋਂ ਪੈਦਾ ਹੋਈ ਮਨੁਖੀ ਰਚਨਾ ਹੀ ਮੰਨਦਾ ਹੈ ਅਤੇ ਇਸ ਦੇ ਦੈਵੀ ਆਰੰਭ ਤੋਂ ਇਨਕਾਰੀ ਹਨ।

ਇਥੇ ਦੋ ਮੁੱਢਲੇ ਤੇ ਪ੍ਰਮੁੱਖ ਮਾਨਵ-ਵਿਗਿਆਨੀਆਂ ਐਡਵਰਡ ਬਰਨੇਟ ਟਾਇਲਰ (1832-1917) ਅਤੇ ਸਰ ਜੇਮਜ਼ ਫਰੇਂਜ਼ਰ (1854-1941) ਦੇ ਧਰਮ ਦੇ ਮਾਨਵ-ਵਿਗਿਆਨੀ ਅਧਿਐਨ ਵਿਚ ਪਾਏ ਯੋਗਦਾਨਾਂ ਦਾ ਲੇਖਾ ਜੋਖਾ ਕਰ ਸਕਦੇ ਹਾਂ। ਇਨ੍ਹਾਂ ਦੋਵਾਂ ਮਾਨਵ-ਵਿਗਿਆਨੀਆਂ ਦੇ ਨਿੱਜੀ ਯੋਗਦਾਨ ਦਾ ਵਿਚਾਰ ਕਰਨ ਤੋਂ ਪਹਿਲਾਂ ਇਤਨਾ ਤਾਂ ਆਰੰਭ ਵਿਚ ਹੀ ਦਸ ਦੇਣਾ ਚਾਹੀਦਾ ਹੈ ਕਿ ਦੋਵੇਂ ਵਿਦਵਾਨਾਂ ਦੀ ਧਰਮ ਪ੍ਰਤੀ ਪਹੁੰਚ ਬੌਧਿਕ (Rational) ਸੀ ਅਤੇ ਪ੍ਰਚਲਿਤ ਵਿਕਾਸਵਾਦ (Evolutionism) ਦੇ ਸਿਧਾਂਤ ਦੇ ਅਨੁਸਾਰ ਸੀ।

ਈ.ਬੀ. ਟਾਇਲਰ, ਬਰਿਟਿਸ ਮਾਨਵ-ਵਿਗਿਆਨ ਦੇ ਪਿਤਾਮਾ ਕਰਕੇ ਜਾਣਿਆ ਜਾਂਦਾ ਹੈ।ਉਹ 2 ਅਕਤੂਬਰ, 1832 ਈ. ਨੂੰ ਲੰਡਨ ਵਿਚ ਪੈਦਾ ਹੋਇਆ। ਉਸ ਦੇ ਪਿਤਾ ਪਿੱਤਲ ਦੀ ਢਲਾਈ ਦਾ ਕੰਮ ਕਰਦੇ ਸਨ। ਧਾਰਮਿਕ ਪੱਖੋਂ ਉਸ ਦੇ ਮਾਤਾ ਪਿਤਾ ਜਾਰਜ਼ ਫਾਕਸ (1624-91) ਦੁਆਰਾ ਚਲਾਈ Society of friends ਦੇ ਮੈਂਬਰ ਸਨ। ਇਸ ਤਰ੍ਹਾਂ ਟਾਇਲਰ ਦਾ ਬਚਪਨ ਉਦਾਰਵਾਦੀ ਵਾਤਾਵਰਣ ਵਿਚ ਬੀਤਿਆ ਸੀ। 16 ਸਾਲ ਦੀ ਉਮਰ ਵਿਚ ਉਹ ਪਿਤਾ ਦੇ ਪਿੱਤਲ ਢਲਾਈ ਦੇ ਕਾਰਖਾਨੇ ਵਿਚ ਕੰਮ ਕਰਨ ਲੱਗ ਪਿਆ ਪਰ ਛੇਤੀ ਹੀ ਉਸ ਦੀ ਸਿਹਤ ਵਿਗੜ ਗਈ ਅਤੇ 1855 ਵਿਚ ਉਸ ਨੂੰ ਇਲਾਜ ਲਈ ਅਮਰੀਕਾ ਭੇਜ ਦਿੱਤਾ ਗਿਆ। 1856 ਵਿਚ ਕਿਊਬਾ ਵਿਚ ਉਹ ਪ੍ਰਸਿੱਧ ਪੁਰਾਤਤਵ-ਵਿਗਿਆਨੀ ਹੈਨਰੀ ਕਰਿਸਤੀ (Henry Christy) ਨੂੰ ਮਿਲੇ ਜਿਹੜਾ ਟਾਇਲਰ ਦੀ ਤਰ੍ਹਾਂ ਆਪ ਵੀ ਉਦਾਰ ਸੁਭਾਅ ਦਾ ਸੀ ਅਤੇ ਕੁਝ ਚਿਰ ਉਨ੍ਹਾਂ ਨੇ ਇਕੱਠਿਆਂ ਹੀ ਭਰਮਣ ਕੀਤਾ।ਟਾਇਲਰ ਦੀ ਪਹਿਲੀ ਪੁਸਤਕ ਇਸੇ ਭਰਮਣ ਦੇ ਨਤੀਜੇ ਵਜੋਂ ਲਿਖੀ ਗਈ। ਪੁਸਤਕ ਦਾ ਨਾਂ Anahuac of Maxico and the Maxicans, Ancient and Modern (1861) ਸੀ। ਟਾਇਲਰ ਨੇ ਕਦੇ ਵੀ ਯੂਨੀਵਰਸਿਟੀ ਦੀ ਉੱਚ-ਸਿੱਖਿਆ ਪ੍ਰਾਪਤ ਨਹੀਂ ਕੀਤੀ ਫਿਰ ਵੀ ਉਹ ਇਕ ਪ੍ਰਤਿਭਾਸ਼ਾਲੀ ਲਿਖਾਰੀ ਅਤੇ ਨਵੇਂ ਪੈਦਾ ਹੋ ਰਹੇ ਮਾਨਵ-ਵਿਗਿਆਨ ਦੇ ਖੇਤਰ ਦਾ ਅਣਥੱਕ ਖੋਜੀ ਸੀ। ਦੋ ਪੁਸਤਕਾਂ ਜਿਨ੍ਹਾਂ ਕਰਕੇ ਉਹ ਅੱਜ ਤੱਕ ਪ੍ਰਸਿੱਧ ਹੈ ਉਸ ਦੀ ਜਵਾਨੀ ਸਮੇਂ ਹੀ ਲਿਖੀਆਂ ਜਾ ਚੁੱਕੀਆਂ ਸਨ। ਇਨ੍ਹਾਂ ਵਿਚੋਂ ਪਹਿਲੀ ਪੁਸਤਕ (Researches Into The Early History of Mankind (1965) ਹੈ ਅਤੇ ਦੂਜੀ ਇਸ ਤੋਂ ਵੱਧ ਪ੍ਰਸਿਧ Primitive Culture (2 ਜਿਲਦਾਂ 1871)। ਪਿਛੋਂ ਉਸ ਨੇ ਲੇਖ ਅਤੇ ਰਿਵੀਊ ਭਾਵੇਂ ਬਹੁਤ ਸਾਰੇ ਲਿਖੇ ਪ੍ਰੰਤੂ ਪੁਸਤਕ ਸਿਰਫ Anthropology (1881) ਹੀ ਲਿਖੀ ਸੀ। 1875 ਵਿਚ ਅਕਾਦਮਿਕ ਯੋਗਦਾਨ ਲਈ ਉਨ੍ਹਾਂ ਨੂੰ ਆਕਸਫੋਰਡ ਯੂਨੀਵਰਸਿਟੀ ਵਲੋਂ Honorary Doctorate ਦੀ ਉਪਾਧੀ ਦਿੱਤੀ ਗਈ। 1883 ਵਿਚ ਉਹ ਆਕਸਫੋਰਡ ਯੂਨੀਵਰਸਿਟੀ ਮਿਊਜ਼ੀਅਮ ਦੇ ਨਿਗਰਾਨ ਬਣ ਗਏ ਅਤੇ 1884 ਆਕਸਫੋਰਡ ਵਿਚ ਮਾਨਵ-ਵਿਗਿਆਨ ਦੇ ਪਹਿਲੇ ਰੀਡਰ। 1896 ਤੋ 1909 ਤੱਕ ਉਹ ਮਾਨਵ-ਵਿਗਿਆਨ ਦੇ ਪ੍ਰੋਫੈਸਰ ਰਹੇ। 1912 ਨੂੰ ਉਨ੍ਹਾਂ ਨੂੰ Knight ਦੀ ਉਪਾਧੀ ਨਾਲ ਸਨਮਾਨਿਆ ਗਿਆ ਅਤੇ 2 ਜਨਵਰੀ 1917 ਨੂੰ ਚਲਾਣਾ ਕਰ ਗਏ।

ਟਾਇਲਰ ਮੁੱਖ ਰੂਪ ਵਿਚ ਸਭਿਆਚਾਰ ਤੇ ਸਭਿਅਤਾ ਦੇ ਵਿਕਾਸ ਦੇ ਅਧਿਐਨ ਵਿਚ ਲੱਗਿਆ ਹੋਇਆ ਸੀ ਪ੍ਰੰਤੂ ਸਭਿਆਚਾਰ ਦੇ ਵਿਕਾਸ ਨਾਲ ਹੀ ਉਹ ਧਰਮ ਦੇ ਆਰੰਭ ਤੇ ਵਿਕਾਸ ਦੇ ਅਧਿਐਨ ਵਿਚ ਵੀ ਰੁਚਿਤ ਹੋ ਗਿਆ। ਜਿਸ ਤਰ੍ਹਾਂ ਉਪਰ ਵੀ ਕਿਹਾ ਗਿਆ ਹੈ ਕਿ ਟਾਇਲਰ ਦਾ ਧਰਮ ਸੰਬੰਧੀ ਸਿਧਾਂਤ ਯੁਕਤੀਵਾਦ (Rationalism) ਦੇ ਘੇਰੇ ਅੰਦਰ ਹੀ ਆਉਂਦਾ ਹੈ। ਯੁਕਤੀਵਾਦ ਮਨੁੱਖੀ ਬੁੱਧੀ (ਤਰਕ) ਨੂੰ ਗਿਆਨ ਦਾ ਅੰਤਮ ਸ੍ਰੋਤ ਪ੍ਰਵਾਨ ਕਰਨਾ ਹੈ। ਉਨ੍ਹੀਵੀਂ ਸਦੀ ਵਿਚ ਧਰਮ ਅਧਿਐਨ

ਦੇ ਪ੍ਰਸੰਗ ਵਿਚ ਇਹ ਅਜਿਹੀ ਮਾਨਤਾ ਦਾ ਸੂਚਕ ਹੈ ਕਿ ਪੂਰਬ ਇਤਿਹਾਸਕ ਮਨੁੱਖ ਨੇ ਆਪਣੇ ਧਾਰਮਿਕ ਵਿਸ਼ਵਾਸ਼ ਤਰਕ ਦੇ ਆਧਾਰ ਤੇ ਨਿਰਾਧਾਰਤ ਕੀਤੇ ਪ੍ਰੰਤੂ ਉਹ ਗਲਤ ਨਤੀਜਿਆਂ ਤੇ ਇਸ ਲਈ ਪੁੱਜ ਗਿਆ ਕਿਉਂਕਿ ਉਸ ਕੋਲ ਗਿਆਨ, ਅਨੁਭਵ ਅਤੇ ਵਿਗਿਆਨਕ ਨਿਰੀਖਣ ਦੀ ਘਾਟ ਸੀ।

ਟਾਇਲਰ ਨੇ ਧਰਮ ਦੀ ਪਰਿਭਾਸ਼ਾ ਵੀ ਬੌਧਿਕ ਦ੍ਰਿਸ਼ਟੀਕੋਣ ਤੋਂ ਹੀ ਦਿੱਤੀ ਹੈ। ਉਸ ਅਨੁਸਾਰ ਧਰਮ ਦੈਵੀ-ਸ਼ਕਤੀਆਂ ਵਿਚ ਵਿਸ਼ਵਾਸ਼ (Belief in Spiritual Beings) ਹੈ। ਉਹ ਧਰਮ ਦਾ ਪਹਿਲਾ ਰੂਪ ਆਤਮਵਾਦ (Animism) ਮੰਨਦਾ ਹੈ ਜੋ ਅੰਗਰੇਜ਼ੀ ਦੇ anima ਪਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਜੀਵਾਤਮਾ ਜਾਂ ਰੂਹ। ਇਸਤਰ੍ਹਾਂ ਜੀਵਾਤਮਵਾਦ ਦਾ ਸਿਧਾਂਤ ਜੀਵਾਤਮਾ ਜਾਂ ਰੂਹ ਦੇ ਵਿਸ਼ਵਾਸ਼ ਤੋਂ ਵਿਕਸਿਤ ਹੋਇਆ। ਟਾਇਲਰ ਨੇ ਇਹ ਸਿਧਾਂਤ ਤਰਕ ਆਸਰੇ ਕਲਪਨਾ ਨਾਲ ਸਿਰਜਿਆ ਹੈ। ਇਸ ਦਾ ਇਸ ਤੋਂ ਅਗਾਂਹ ਉਸ ਕੋਲ ਹੋਰ ਕੋਈ ਪ੍ਰਮਾਣ ਨਹੀਂ। ਆਪਣੇ ਇਸ ਸਿਧਾਂਤ ਨੂੰ ਪੁਸ਼ਟ ਕਰਨ ਲਈ ਉਹ ਸਾਰੀਆਂ ਉਦਾਹਰਣਾਂ ਪੁਰਾਤਨ ਤੇ ਵਿਕਸਿਤ ਸਭਿਆਚਾਰ ਵਿਚੋਂ ਦਿੰਦਾ ਹੈ। ਵਿਕਸਤ ਸਭਿਆਚਾਰਾਂ 'ਚੋਂ ਪੁਰਾਤਨ ਮਨੁੱਖ ਦੇ ਧਾਰਮਿਕ ਅਕੀਦਿਆਂ ਦੀ ਪੁਸ਼ਟੀਕਰਨ ਲਈ ਉਦਾਹਰਣਾਂ ਦੇਣ ਪਿੱਛੋਂ ਵੀ ਉਸ ਨੇ ਇਕ ਸਿਧਾਂਤ ਦਸਿਆ ਹੈ ਜਿਸ ਨੂੰ ਉਹ ਯਾਦਗਾਰਾਂ (Survivals) ਦਾ ਨਾਮ ਦਿੰਦਾ ਹੈ। ਇਸ ਸਿਧਾਂਤ ਅਨੁਸਾਰ ਮਨੁੱਖ ਆਦਤ ਵੱਸ ਬਹੁਤ ਸਾਰੇ ਅਜਿਹੇ ਅਮਲ ਹੰਢਾਉਂਦਾ ਹੈ ਜਿਸ ਦਾ ਉਸ ਦੇ ਵਰਤਮਾਨ ਜੀਵਨ ਨਾਲੋਂ ਬੀਤੇ ਨਾਲ ਵੱਧ ਸਾਰਥਕ ਸੰਬੰਧ ਹੁੰਦਾ ਹੈ। ਟਾਇਲਰ ਅਨੁਸਾਰ ਅਜਿਹੇ ਵਰਤਮਾਨ ਅਮਲਾਂ ਅਤੇ ਯਾਦਗਾਰਾਂ ਤੋਂ ਉਸ ਦੇ ਬੀਤੇ ਸਮਿਆਂ ਦੇ ਜੀਵਨ ਨੂੰ ਜਾਨਣ ਵਿਚ ਕਾਫੀ ਮੱਦਦ ਮਿਲਦੀ ਹੈ।ਇਸ ਕਰਕੇ ਉਹ ਪੁਰਾਤਨ ਮਨੁੱਖ ਦੇ ਧਰਮ ਨੂੰ ਜਾਨਣ ਲਈ ਵਿਕਸਿਤ ਸਭਿਆਚਾਰਾਂ ਦੀਆਂ ਉਦਾਹਰਣਾਂ ਵੀ ਦੇ ਜਾਂਦਾ ਹੈ।

ਟਾਇਲਰ ਦਾ ਜੀਵਾਤਮਵਾਦ ਦਾ ਸਿਧਾਂਤ ਬੁਨਿਆਦੀ ਧਾਰਮਿਕ ਵਿਸ਼ਵਾਸ਼ਾਂ (ੳ) ਮਨੁੱਖ ਦੀ ਰੂਹ ਅਤੇ (ਅ) ਹੋਰ ਬਲਸ਼ਾਲੀ ਰੂਹਾਂ ਤੇ ਆਧਾਰਤ ਹੈ ਅਤੇ ਇਹ ਦੋਵੇਂ ਹੀ ਉਨ੍ਹਾਂ ਦੇ ਵਿਚਾਰ ਅਨੁਸਾਰ ਮਨੁੱਖੀ ਅਨੁਭਵ ਚੋਂ ਪੈਦਾ ਹੋਏ ਹਨ। ਮਨੁੱਖੀ ਜੀਵਨ ਵਿਚ ਜੀਵੰਤ ਅਤੇ ਮੁਰਦੇ ਦਾ ਨਖੇੜਾ ਬਹੁਤ ਪ੍ਰਭਾਵਸ਼ਾਲੀ ਹੁੰਦਾ ਹੈ। ਜਦੋਂ ਚਲਦਾ ਫਿਰਦਾ ਮਨੁੱਖ ਮਰ ਜਾਂਦਾ ਹੈ ਤਾਂ ਉਸ ਦਾ ਸਰੀਰ ਗਲਣਾ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਪੁਰਾਤਨ ਮਨੁੱਖ ਸਹਿਜੇ ਹੀ ਇਹ ਜਾਣਨਾ ਚਾਹੁੰਦਾ ਹੈ ਕਿ ਮਨੁੱਖ ਦੇ ਅੰਦਰ ਕੀ ਅਜਿਹੀ ਚੀਜ਼ ਹੈ ਜੋ ਉਸ ਨੂੰ ਜੀਵਨ ਪ੍ਰਦਾਨ ਕਰੀ ਰਖਦੀ ਹੈ ਅਤੇ ਮਰਨ ਉਪਰੰਤ ਕੀ ਵਾਪਰਦਾ ਹੈ। ਇਸ ਤੋਂ ਉਹ ਮਨੁੱਖ ਦੀ ਦੋਹਰੀ ਹੋਂਦ ਦਾ ਵਿਸ਼ਵਾਸ਼ ਗ੍ਰਹਿਣ ਕਰਦਾ ਹੈ। ਇਕ ਭੌਤਿਕ ਸਰੀਰ ਅਤੇ ਦੂਜੇ ਉਸ ਦੇ ਅੰਦਰ ਵਰਤਮਾਨ ਰੂਹ ਪ੍ਰਾਣ ਮਰਨ ਤੋਂ ਬਾਅਦ ਆਦਮੀ ਨੂੰ ਛੱਡ ਕੇ ਚਲੇ ਜਾਂਦੇ ਹਨ। ਇਸ ਤਰ੍ਹਾਂ ਉਹ ਭੌਤਿਕ ਸਰੀਰ ਦੇ ਨਾਲ ਨਾਲ ਰੂਹ ਦੇ ਵਿਸ਼ਵਾਸ਼ ਨੂੰ ਵੀ ਪ੍ਰਵਾਨ ਕਰ ਲੈਂਦਾ ਹੈ।

ਜਦੋਂ ਮਨੁੱਖ ਜੀਵਿਤ ਹੁੰਦਾ ਹੈ ਤਾਂ ਕਈ ਵਾਰ ਸੁਪਨਿਆਂ ਵਿਚ ਸਰੀਰ ਤੋਂ ਬਹੁਤ ਦੂਰ ਚਲਾ ਜਾਂਦਾ ਹੈ ਅਤੇ ਹੋਰ ਬਹੁਤ ਸਾਰੇ ਦੂਰਵਰਤੀ ਜੀਵ ਤੇ ਵਸਤੂਆਂ ਉਸ ਦੇ ਸੁਪਨਿਆਂ ਵਿਚ ਆਉਂਦੀਆਂ ਰਹਿੰਦੀਆਂ ਹਨ। ਇਸ ਤੋਂ ਮਨੁੱਖ ਨੇ 'ਛਾਇਆ' ਜਾਂ ਦੂਹਰੇ ਆਪੇ ਦਾ ਵਿਸ਼ਵਾਸ਼ ਪ੍ਰਾਪਤ ਕੀਤਾ। ਜਦੋਂ ਨੀਂਦ ਵਿਚ ਆਦਮੀ ਦੂਰ ਚਲਾ ਜਾਂਦਾ ਹੈ ਤਾਂ ਉਸ ਦਾ ਭੌਤਿਕ ਸਰੀਰ ਇਥੇ ਹੀ ਹੁੰਦਾ ਹੈ ਅਤੇ ਇਸ ਨੂੰ ਜੀਵਨ ਪ੍ਰਦਾਨ ਕਰਨ ਵਾਲੀ ਰੂਹ ਵੀ ਇਥੇ ਹੀ ਹੁੰਦੀ ਹੈ। ਜੋ ਬਾਹਰ ਚਲਾ ਜਾਂਦਾ ਹੈ ਉਹ ਉਸ ਦਾ ਦੂਹਰਾ ਆਪਾ ਜਾਂ ਛਾਇਆ (Phantom) ਹੀ ਹੁੰਦੀ ਹੈ। ਮੌਤ ਵੇਲੇ ਉਸ ਦੀ ਰੂਹ ਅਤੇ ਛਾਇਆ ਦੋਵੇਂ ਆਦਮੀ ਨੂੰ ਛੱਡ ਜਾਂਦੇ ਹਨ। ਅਜਿਹੇ ਅਨੁਭਵ ਤੋਂ ਆਦਿ ਮਨੁੱਖ ਨੇ 'ਜੀਵਨ ਦੀ ਨਿਰੰਤਰਤਾ' ਦਾ ਵਿਸ਼ਵਾਸ਼ ਗ੍ਰਹਿਣ ਕਰ ਲਿਆ ਭੌਤਿਕ ਸਰੀਰ ਦੀ ਮੌਤ ਉਪਰੰਤ ਵੀ ਰੂਹ ਅਤੇ ਛਾਇਆ ਮਰਦੇ ਨਹੀਂ। ਇਹ ਰੂਹ ਤੇ ਦੂਹਰਾ ਆਪਾ ਰਲਕੇ ਵਿਚਰਦੇ ਰਹਿੰਦੇ ਹਨ ਜਿਸ ਤੋਂ ਮਨੁੱਖ ਨੇ ਭੂਤ, ਪਰਛਾਇਆ (appritional souls) ਦਾ ਵਿਸ਼ਵਾਸ਼ ਧਾਰਨ ਕੀਤਾ। ਉਸ ਨੇ ਅਜਿਹੇ ਭੂਤਾਂ, ਛਾਇਆ ਆਦਿ

ਨੂੰ ਮਨੁੱਖ ਤੋਂ ਕਈ ਗੁਣਾਂ ਵੱਧ ਤਾਕਤਵਾਰ ਤੇ ਤੇਜ਼ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ ਜਿਹੜੀਆਂ ਦੂਜੇ ਸਰੀਰਾਂ ਵਿਚ ਵੀ ਪ੍ਰਵੇਸ਼ ਕਰ ਸਕਦੀਆਂ ਹਨ। ਇਸ ਤੋਂ ਕਸਰ, ਛਾਇਆ ਜਾਂ ਭੂਤ ਚਿੰਬੜਨ (Possession) ਦੇ ਵਿਸ਼ਵਾਸ਼ ਦਾ ਜਨਮ ਹੋਇਆ ਅਤੇ ਇਸ ਦੇ ਨਾਲ ਹੀ 'ਝਾੜ ਫੂਕ' (exorcism) ਦੇ ਜਾਦੂਈ ਅਮਲ ਦਾ ਵੀ ਆਰੰਭ ਹੋਇਆ।

ਕੇਵਲ ਵਿਸ਼ਵਾਸ਼ ਹੀ ਧਰਮ ਨਹੀਂ ਬਣਾ ਸਕਦਾ ਜਦੋਂ ਤਕ ਵਿਸ਼ਵਾਸ਼ ਦੇ ਨਾਲ ਧਾਰਮਿਕ ਅਮਲ ਜਾਂ ਸਮੂਹਿਕ ਕਰਮਕਾਂਡ ਨਹੀਂ ਜੁੜ ਜਾਂਦੇ। ਮਨੁੱਖ ਵਿਛੜੀਆਂ ਰੂਹਾਂ ਨੂੰ ਸ਼ਕਤੀਸ਼ਾਲੀ ਤਾਂ ਮੰਨਦੇ ਹੀ ਸੀ ਉਸ ਨੇ ਆਪਣੀ ਸੁਰਖਿਆ ਅਤੇ ਸੁਖ-ਚੈਨ ਲਈ ਰੂਹਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਪੂਜਾ ਆਦਿ ਸ਼ੁਰੂ ਕਰ ਦਿੱਤੀ। ਪਿਤਰ (manas) ਪੂਜਾ ਅਜਿਹੇ ਅਮਲ ਦੀ ਹੀ ਉਦਾਹਰਣ ਹੈ ਜਦੋਂ ਰੂਹਾਂ ਦਾ ਵਿਸ਼ਵਾਸ਼ ਪ੍ਰਵਾਨ ਹੋ ਗਿਆ ਤਾਂ ਮਨੁੱਖ ਨੇ ਹਰੇਕ ਕੁਦਰਤੀ ਵਸਤਾਂ, ਜੀਵਾਂ ਵਿਚ ਵੀ ਰੂਹਾਂ ਦਾ ਖਿਆਲ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਹਰੇਕ ਵਸਤੂ ਵਿਚ ਰੂਹ ਦਾ ਖਿਆਲ ਪ੍ਰਵਾਨ ਕੀਤਾ ਜਾਣ ਲੱਗਾ। ਰੂਹਾਂ ਦੇ ਖਿਆਲ ਤੋਂ ਮਨੁੱਖ ਨੇ ਕੁਦਰਤੀ ਸ਼ਕਤੀਆਂ ਜਿਵੇਂ ਹਵਾ, ਪਾਣੀ, ਧਰਤੀ, ਆਕਾਸ਼ ਆਦਿ ਦੀਆਂ ਸ਼ਕਤੀਸ਼ਾਲੀ ਰੂਹਾਂ ਦਾ ਵਿਸ਼ਵਾਸ਼ ਧਾਰਨ ਕੀਤਾ। ਟਾਇਲਰ ਅਨੁਸਾਰ ਇਹ ਬਹੁਦੇਵਵਾਦ (Polytheism) ਦਾ ਵਿਸ਼ਵਾਸ਼ ਸੀ। ਇਨ੍ਹਾਂ ਸਭ ਰੂਹਾਂ ਵਿਚੋਂ ਜਦੋਂ ਇਕ ਨੂੰ ਸਰਬ ਸ਼ਕਤੀਸ਼ਾਲੀ ਪ੍ਰਵਾਨ ਕਰ ਲਿਆ ਗਿਆ ਤਾਂ ਇਸ ਤੋਂ ਇਕ ਈਸ਼ਵਰਵਾਦ ਦਾ ਵਿਸ਼ਵਾਸ਼ ਪੈਦਾ ਹੋਇਆ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਟਾਇਲਰ ਨੇ ਜੀਵਾਤਮਵਾਦ (Animism) ਦੇ ਵਿਸ਼ਵਾਸ਼ ਤੋਂ ਆਰੰਭ ਕਰਕੇ ਇਕ ਈਸ਼ਵਰਵਾਦ (Monotheism) ਦੇ ਵਿਸ਼ਵਾਸ਼ ਤਕ ਦੇ ਧਾਰਮਿਕ ਜੀਵਨ ਨੂੰ ਯੁਕਤੀਵਾਦ (Rationalism) ਅਤੇ ਵਿਕਾਸਵਾਦ (Evolutionism) ਦੇ ਦ੍ਰਿਸ਼ਟੀਕੋਣ ਤੋਂ ਬਿਆਨ ਕਰਨ ਦਾ ਯਤਨ ਕੀਤਾ ਹੈ ।ਟਾਇਲਰ ਨੇ ਸਭਿਆਚਾਰ ਦੇ ਵਿਕਾਸ ਨੂੰ ਵੀ ਤਿੰਨ ਵਿਕਾਸ ਪੜਾਵਾਂ savagery, barbarism ਅਤੇ civilized ਰਾਹੀਂ ਬਿਆਨ ਕੀਤਾ ਹੈ ਅਤੇ ਉਸੇ ਵਿਕਾਸਵਾਦੀ ਬੋਧਿਕ ਧਾਰਨਾ ਤੇ ਆਧਾਰਤ ਜੀਵਾਤਮਵਾਦ ਤੋਂ ਇਕ ਈਸ਼ਵਰਵਾਦ ਤਕ ਦੇ ਵਿਕਾਸ ਨੂੰ ਵਰਣਨ ਕਰਨ ਦਾ ਯਤਨ ਕੀਤਾ ਹੈ। ਜੀਵਾਤਮਵਾਦ (Animism) ਅਤੇ Survivals ਦੇ ਸਿਧਾਂਤ ਧਰਮ ਅਧਿਐਨ ਦੇ ਖੇਤਰ ਵਿਚ ਟਾਇਲਰ ਦੇ ਵਿਸ਼ੇਸ਼ ਯੋਗ ਮੰਨੇ ਜਾਂਦੇ ਰਹਿਣਗੇ ਭਾਵੇਂ ਇਹ ਉਹ ਦੇ ਮੌਲਿਕ ਸਿਧਾਂਤ ਨਹੀਂ ਸਨ।

ਬਰਤਾਨਵੀ ਮਾਨਵ-ਵਿਗਿਆਨੀ ਤੇ ਧਰਮ ਦਾ ਇਤਿਹਾਸਕਾਰ ਸਰ ਜੇਮਜ਼ ਫਰੇਜ਼ਰ (1854-1942) ਵੀ ਟਾਇਲਰ ਦੀ ਤਰ੍ਹਾਂ ਯੁਕਤੀਵਾਦੀ ਤੇ ਵਿਕਾਸਵਾਦੀ ਸਿਧਾਂਤਾਂ ਦਾ ਸਮਰਥਕ ਸੀ। ਉਹ ਆਪਣੇ ਮਾਤਾ ਪਿਤਾ ਦੇ ਚਾਰ ਬੱਚਿਆਂ ਵਿਚ ਸਭ ਤੋਂ ਵੱਡਾ ਸੀ ਅਤੇ ਉਦਯੋਗਿਕ ਸ਼ਹਿਰ ਗਲੈਸਗੋ ਵਿਚ ਪੈਦਾ ਹੋਇਆ। ਉਹਨਾਂ ਦੇ ਮਾਪੇ ਸਕਾਟਲੈਂਡ ਦੇ ਫਰੀ ਚਰਚ ਦੇ ਮੈਂਬਰ ਸਨ। ਫਰੇਜ਼ਰ ਦੀ ਪਾਲਣ-ਪੋਸ਼ਣ ਧਾਰਮਿਕ ਮਾਹੌਲ ਵਿਚ ਹੋਈ।ਫਰੇਜ਼ਰ ਦੀ ਪੜ੍ਹਾਈ ਵਿਚ ਦਿਲਚਸਪੀ ਸੀ ਅਤੇ 15 ਸਾਲ ਦੀ ਛੋਟੀ ਉਮਰ ਵਿਚ ਹੀ ਗਲੈਸਗੋ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ। ਆਪਣੇ ਜੀਵਨ ਦੇ ਅਖੀਰ ਤੇ ਲਿਖੇ ਰਮਣੀਕ ਬਿਰਤਾਂਤ ਵਿਚ ਹੀ ਉਹ ਦੱਸਦਾ ਹੈ ਗਲੈਸਗੋ ਯੂਨੀਵਰਸਿਟੀ ਵਿਚ ਉਸ ਨੇ ਤਿੰਨ ਪ੍ਰਭਾਵ ਵਿਸ਼ੇਸ਼ ਕਰਕੇ ਗ੍ਰਹਿਣ ਕੀਤੇ : ਪਹਿਲਾ ਉਸ ਦਾ ਜੀਵਨ ਭਰ ਲਈ ਕਲਾਸੀਕਲ ਸਾਹਿਤ ਨਾਲ ਪਿਆਰ, ਦੂਜਾ ਪ੍ਰਕ੍ਰਿਤੀ ਅਬਦਲ ਨਿਯਮਾਂ ਆਸਰੇ ਚਲਦੀ ਹੈ ਅਤੇ ਤੀਜਾ ਬਚਪਨ ਦੇ ਧਰਮ ਦਾ ਬਗੈਰ ਕਿਸੇ ਸਦਮੇ ਦੇ ਖੁਸ ਜਾਣਾ। ਉਸ ਨੇ ਗਲੈਸਗੋ ਪੜ੍ਹਾਈ ਸਮੇਂ ਬਹੁਤ ਸ਼ੁਹਰਤ ਪ੍ਰਾਪਤ ਕੀਤੀ ਪ੍ਰੰਤੂ ਉਸ ਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਭਾਵੇਂ ਸਕਾਟਲੈਂਡ ਦੀ ਪੜ੍ਹਾਈ ਨੇ ਉਸ ਨੂੰ ਇਕ ਵਿਸ਼ਾਲ ਦ੍ਰਿਸ਼ਟੀਕੋਣ ਦਿੱਤਾ ਹੈ ਪ੍ਰੰਤੂ ਇਸ ਦਾ ਮਿਆਰ ਇੰਗਲੈਂਡ ਦੇ ਮਿਆਰ ਦੇ ਬਰਾਬਰ ਨਹੀਂ ਸੀ। ਗਲੈਸਗੋ ਤੋਂ ਡਿਗਰੀ ਲੈ ਕੇ ਉਸ ਨੇ ਟਰਿਨਿਟੀ ਕਾਲਜ ਕੈਂਬਰਿਜ ਤੋਂ 1874 ਵਿਚ ਫਿਰ ਮੈਟ੍ਰਿਕ ਪਾਸ ਕੀਤੀ। 1878 ਵਿਚ

ਉਸ ਨੇ ਸਨਾਤਨੀ ਟਰਾਈਪੋਸ ਦੂਜੇ ਨੰਬਰ ਤੇ ਰਹਿ ਕੇ ਪ੍ਰਾਪਤ ਕੀਤਾ।

1879 ਵਿਚ ਉਸ ਨੇ ਪਲੈਟੋਨਿਕ ਧਿਆਨ-ਸਿਧਾਂਤ ਤੇ ਖੋਜ ਪ੍ਰਬੰਧ ਲਿਖਕੇ ਟਰਿਨਿਟੀ ਦੀ ਫੈਲੋਸ਼ਿਪ ਹਾਸਲ ਕੀਤੀ, ਜਿਹੜੀ ਤਿੰਨ ਨਵੀਨੀਕਰਣਾਂ ਬਾਅਦ ਜੀਵਨ ਭਰ ਲਈ ਪ੍ਰਦਾਨ ਕਰ ਦਿੱਤੀ ਗਈ। ਇਸ ਤਰ੍ਹਾਂ ਉਹ 60 ਸਾਲ ਤੋਂ ਵੀ ਵੱਧ ਟਰਿਨਿਟੀ ਦੇ ਫੈਲੋ ਰਹੇ। 1896 ਵਿਚ ਫਰਾਂਸੀਸੀ ਵਿਧਵਾ ਸ਼੍ਰੀਮਤੀ ਐਲਿਜ਼ਬੈਥ ਗਰੋਵ (ਲਿਲੀ) ਨਾਲ ਵਿਆਹ ਕੀਤਾ ਜੋ ਉਸ ਦੇ ਅਕਾਦਿਮਿਕ ਕੰਮ ਵਿਚ ਬਹੁਤ ਭਰੋਸੇਯੋਗ ਸਾਥਣ ਸਾਬਤ ਹੋਈ। ਫਰੇਜ਼ਰ ਨੂੰ 1914 ਵਿਚ ਟਾਈਟ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। 1920 ਵਿਚ ਉਹ ਰਾਇਲ ਸੁਸਾਇਟੀ ਦਾ ਫੈਲੋ ਬਣ ਗਿਆ 1925 ਵਿਚ ਉਸ ਨੂੰ Order of Merit ਦਾ ਨਾਮ ਦਿੱਤਾ।

ਮਾਨਵ-ਵਿਗਿਆਨ ਦੇ ਖੇਤਰ ਵਿਚ ਫਰੇਜ਼ਰ ਦੀ ਰੁਚੀ ਉਸ ਦੇ ਦੇਸ਼ਵਾਸੀ ਅਤੇ ਧਰਮ-ਸ਼ਾਸ਼ਤਰੀ ਰਾਬਰਟਸਲ ਸਮਿਥ (1847-1894) ਦੇ ਪ੍ਰਭਾਵ ਕਾਰਨ ਹੋਈ। ਟਾਇਲਰ ਰਾਬਟਸਨ ਸਮਿਥ ਤੋਂ ਬਿਲਕੁਲ ਭਿੰਨ ਹਮੇਸ਼ਾ ਲਈ ਈਸਾਈ ਮਤ ਦਾ ਸੱਚਾ ਸੁੱਚਾ ਸ਼ਰਧਾਲੂ ਬਣਿਆ ਰਿਹਾ। ਉਸ ਨੇ ਆਪਣੀ ਲਿਖਤ ਵਿਚ ਪ੍ਰਵਾਨ ਕੀਤਾ ਹੈ ਕਿ ਉਸ ਦੀ ਦ੍ਰਿੜ੍ਹ ਧਾਰਨਾ ਜਾਂ ਥਿੜਕਦੀ ਆਸ਼ਾ ਸੀ ਕਿ ਦੁਨੀਆਂ ਦੀਆਂ ਪਰਛਾਈਆਂ ਤੋਂ ਅਗਾਂਹ ਸਦੀਵੀ ਪ੍ਰਕਾਸ਼ ਦਾ ਇਕਜਗਤ ਹੈ ਜਿਥੇ ਮਨ ਦੇ ਹੱਠੀ ਪ੍ਰਸ਼ਨਾਂ ਦੇ ਉੱਤਰ ਲੱਭ ਪੈਣਗੇ ਅਤੇ ਦਿਲ ਸ਼ਾਂਤੀ ਪ੍ਰਾਪਤ ਕਰ ਲਵੇਗਾ। 1881 ਵਿਚ ਜਦੋਂ ਰਾਬਰਟਸਨ ਸਮਿਥ ਅਬਰਡੀਨ (aberdeen) ਚੇਅਰ ਤੋਂ ਡਿਸਮਿਸ ਕਰ ਦਿੱਤਾ ਤਾਂ ਉਹ ਐਨਸਾਇਕਲੋਪੀਡੀਆ ਬਰੀਟੈਨਿਕਾ ਦਾ ਸੰਪਾਦਕ ਲਗ ਗਿਆ। ਉਸ ਨੇ ਫਰੇਜ਼ਰ ਨੂੰ 'ਟੋਟਮਇਜ਼ਮ' ਅਤੇ 'ਟੈਬੂ' ਤੇ ਲਿਖਣ ਲਈ ਲੇਖ ਦਿੱਤੇ। 1887 ਵਿਚ ਹੀ ਇਕ ਪੈਂਫਲਟ Questions on the Manners, Customs, Religion, Superstitions etc,. of Uncivilized or Semi civilized Peoplles ਦੁਨੀਆਂ ਭਰ ਵਿਚ ਵੰਡਿਆ ਗਿਆ। ਅਜਿਹੇ ਪ੍ਰਸ਼ਨਾਂ ਦੇ ਉਤਰ ਜੁਟਾਣ ਲਈ ਹੀ ਫਰੇਜ਼ਰ ਨੇ ਉਹ ਸਮਗਰੀ ਇਕੱਤਰ ਕੀਤੀ ਜਿਹੜੀ ਬਾਅਦ ਵਿਚ The Golden Bough ਦੇ ਨਾਮ ਹੇਠ 13 ਜਿਲਦਾਂ ਵਿਚ ਛਪੀ। The Golden Bough ਪਹਿਲਾਂ 1890 ਵਿਚ ਦੋ ਜਿਲਦਾਂ ਵਿਚ ਛਪੀ। ਪਿਛੋਂ ਦੂਜਾ ਸੰਸਕਰਣ 1890 - ਵਿਚ ਤਿੰਨ ਜਿਲਦਾਂ ਵਿਚ ਛਪਿਆ ਅਤੇ 1911-15 ਵਿਚ ਤੀਜਾ 12 ਜਿਲਦਾਂ ਵਿਚ 13ਵੀਂ ਜਿਲਦ 1936 ਵਿਚ ਛਪੀ। ਇਸ ਦਾ ਸੰਖੇਪ ਸੰਸਕਰਣ ਵੀ 1922 ਵਿਚ ਛਪਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰਾ ਸਨਾਤਕੀ ਸਾਹਿਤ ਛਪਾਇਆ ਅਤੇ ਤਿੰਨ ਜਿਲਦਾਂ ਵਿਚ Totemism and Exogamy ਵੀ ਲਿਖੇ। The Golden Bough ਵਿਚ ਪਿਛਲੇ ਵਿਦਵਾਨਾਂ ਅਨੁਸਾਰ ਤਿੰਨ ਮਹੱਤਵਪੂਰਣ ਵਿਸ਼ਿਆਂ ਤੇ ਸਮਗਰੀ ਮਿਲਦੀ ਹੈ, ਪਹਿਲਾ ਜਾਦੂ ਦੀ ਪਰਿਭਾਸ਼ਾ, ਦੂਜੇ ਦੈਵੀ ਰਾਜੇ ਦਾ ਪ੍ਰਸ਼ਨ ਅਤੇ ਬਨਸਪਤੀ ਦੇ ਮਰਦੇ ਤੇ ਪੁਨਰ ਸੁਰਜੀਤ ਹੁੰਦੇ ਦੇਵੀ ਦੇਵਤੇ।

ਫਰੇਜ਼ਰ ਦਾ ਸਭ ਤੋਂ ਵੱਧ ਮਹਾਨ ਕੰਮ ਤਾਂ ਜਾਦੂ ਆਦਿ ਸੰਬੰਧੀ ਭਰਪੂਰ ਸਮੱਗਰੀ ਇਕੱਤਰ ਕਰਨਾ ਹੈ। ਧਰਮਾਂ ਸੰਬੰਧੀ ਉਸ ਦੇ ਸਿਧਾਂਤ ਨੂੰ ਬਹੁਤੀ ਮਾਨਤਾ ਪ੍ਰਾਪਤ ਨਹੀਂ ਹੋ ਸਕੀ ਅਤੇ ਇਸ ਖੇਤਰ ਵਿਚ ਉਸ ਨੇ ਕੁਝ ਵੀ ਨਵਾਂ ਦੇਣ ਦਾ ਦਾਅਵਾ ਨਹੀਂ ਕੀਤਾ। ਬਹੁਤ ਕਰਕੇ ਉਸ ਨੇ ਟਾਇਲਰ ਦੁਆਰਾ ਦਿੱਤੇ ਸਿਧਾਂਤਾਂ ਦੀ ਪੁਸ਼ਟੀ ਲਈ ਪੁਰਾਤਨ ਸਭਿਆਚਾਰਾਂ ਤੋਂ ਸਮਗਰੀ ਇਕੱਤਰ ਕੀਤੀ ਹੈ। ਪਹੁੰਚ, ਵਿਧੀ ਪੱਖੋਂ ਟਾਇਲਰ ਯੁਕਤੀਵਾਦ (Auguste Comte 1898-1857) ਦੇ ਮਨੁੱਖੀ ਵਿਚਾਰ ਦੇ ਅਨੇਕਾਂ ਪੜਾਵਾਂ ਰਾਹੀਂ ਵਿਕਾਸ ਦੇ ਸਿਧਾਂਤ ਨੂੰ ਪ੍ਰਵਾਨ ਕਰਕੇ ਚਲਦਾ ਹੈ। ਕਾਮਟੇ ਦੀ ਮਾਨਤਾ ਹੈ ਕਿ ਮਨੁੱਖੀ ਚਿੰਤਨ ਵਿਕਾਸ ਪੱਖੋਂ ਤਿੰਨ ਪ੍ਰਮੁੱਖ ਪੜਾਵਾਂ ਵਿਚੋਂ ਲੰਘਿਆ ਹੈ। ਇਹ ਤਿੰਨ ਪੜਾ ਹਨ : ਧਰਮ ਸ਼ਾਸ਼ਤ੍ਰੀ, ਪਰਾਭੌਤਿਕੀ ਤੇ ਪ੍ਰਮਾਣਵਾਦੀ (Theological, Metaphysical & Positive)

ਧਰਮ ਸ਼ਾਸ਼ਤ੍ਰ ਪੜਾ ਤੇ ਵਿਆਖਿਆ ਨੇ ਰੂਹਾਂ ਅਤੇ ਪਰਾਭੌਤਿਕ ਹੋਂਦ ਸੰਬੰਧੀ ਪੁਰਾਣ ਕਥਾਵਾਂ ਦਾ ਰੂਪ ਲਿਆ ।ਜੜ੍ਹ ਪੂਜਾ (fetishism), ਬਹੁਦੇਵਵਾਦ (Polytheism) ਤੇ ਈਸ਼ਵਰਵਾਦ (Mono-theism) ਇਸ ਦੇ ਰੂਪ ਹਨ। ਕਾਮਟੇ ਅਨੁਸਾਰ ਪਰਾਭੌਤਿਕ ਪੜਾ ਤੇ ਮਨੁੱਖ ਨੇ ਪ੍ਰਕ੍ਰਿਤੀ ਨੂੰ ਯੂਨਾਨੀ ਆਦਰਸ਼ਵਾਦੀ ਚਿੰਤਕਾਂ ਦੀ ਤਰ੍ਹਾਂ ਮੂਲ ਤੱਤਾਂ (essences) ਅਤੇ ਵਿਚਾਰਾਂ (Ideas) ਦੇ ਰੂਪ ਵਿਚ ਜਾਨਣ ਦਾ ਯਤਨ ਕੀਤਾ। ਪ੍ਰਮਾਣਵਾਦੀ ਪੜਾਅ ਤੇ ਮਨੁੱਖ ਨੇ "ਦੇਵਤਿਆਂ" ਅਤੇ ਮੂਲ ਤੱਤਾਂ ਵਾਲੀ ਵਿਆਖਿਆ ਦਾ ਤਿਆਗ ਕਰਕੇ ਚੀਜ਼ ਨੂੰ ਨਿਰੀਖਣ ਤੇ ਪ੍ਰਯੋਗ ਰਾਹੀਂ ਸਮਝਣ ਦਾ ਯਤਨ ਕੀਤਾ। ਕਾਮਟੇ ਦੇ ਇਨ੍ਹਾ ਤਿੰਨ ਪੜਾਵਾਂ ਅਨੁਸਾਰ ਹੀ ਫਰੇਜ਼ਰ ਨੇ ਵੀ ਵਿਕਾਸ ਦੇ – ਜਾਦੂ, ਧਰਮ ਤੇ ਵਿਗਿਆਨ – ਤਿੰਨ ਪੜਾ ਸਵੀਕਾਰ ਕੀਤੇ। ਫਰੇਜ਼ਰ ਅਨੁਸਾਰ ਧਰਮ ਦਾ ਆਰੰਭ ਜਾਦੂ ਦੇ ਤਿਆਗ ਤੋਂ ਹੁੰਦਾ ਹੈ ਅਤੇ ਹਰ ਥਾਂ ਜਾਦੂ ਧਰਮ ਤੋਂ ਪਹਿਲਾਂ ਪੈਦਾ ਹੁੰਦਾ ਹੈ। ਜਾਦੂ ਮਨੁੱਖ ਦੇ ਉਨ੍ਹਾਂ ਵਿਚਾਰਾਂ ਵਿਚੋਂ ਜਨਮ ਲੈਂਦਾ ਹੈ ਜਿਸ ਅਨੁਸਾਰ ਉਹ ਪ੍ਰਕ੍ਰਿਤੀ ਨੂੰ ਬੁਝਵੇਂ ਨਿਯਮਾਂ ਵਿਚ ਨਿਯਮਤ ਮੰਨਦਾ ਹੈ । ਉਹ ਸੋਚਦਾ ਹੈ ਕਿ ਜੇਕਰ ਪ੍ਰਕ੍ਰਿਤੀ ਦੇ ਅਜਿਹੇ ਨਿਯਮਾਂ ਦਾ ਪਤਾ ਲਾ ਲਿਆ ਜਾਵੇ ਤਾਂ ਪ੍ਰਕਿਰਤਕ ਘਟਨਾਵਾਂ ਨੂੰ ਵੀ ਇੱਛਾ ਅਨੁਸਾਰ ਵਸ ਵਿਚ ਕੀਤਾ ਜਾ ਸਕਦਾ ਹੈ ਇਸ ਤਰ੍ਹਾਂ ਜਾਦੂ ਆਦਿ ਮਨੁੱਖ ਦੀ ਅਧੂਰੀ ਸਮਝ ਤੇ ਆਧਾਰਤ ਬਨਾਵਟੀ ਵਿਗਿਆਨ (Pseudo Science) ਹੀ ਹੈ। ਫਰੇਜ਼ਰ ਨੇ ਜਾਦੂ ਦੇ ਦੋ ਬੁਨਿਆਦੀ ਨਿਯਮ ਬਿਆਨ ਕੀਤੇ ਹਨ। ਪਹਿਲੇ ਨੂੰ ਉਹ ਸਮਾਨਤਾ ਦਾ ਨਿਯਮ (Law of Similarity) ਜਾਂ ਸਾਂਗ ਦਾ ਨਿਯਮ (Law of Imitation) ਕਹਿੰਦਾ ਹੈ ਅਤੇ ਅਜਿਹੇ ਜਾਦੂ ਨੂੰ ਉਹ ਹਿਊਮੋਪੈਥਿਕ ਜਾਦੂ ਦਾ ਨਾ ਦਿੰਦਾ ਹੈ। ਸਮਾਨਤਾ ਦਾ ਨਿਯਮ ਇਸ ਧਾਰਨਾ ਤੇ ਆਧਾਰਤ ਹੈ ਕਿ ਪ੍ਰਭਾਵ, ਕਾਰਨ ਦੇ ਸੁਭਾ ਅਨੁਸਾਰ ਹੀ ਹੁੰਦਾ ਹੈ (Like Produces Like) ਇਸ ਦੀ ਪੁਸ਼ਟੀ ਲਈ ਉਹ ਕਿਸੇ ਮਨੁੱਖ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੇ ਪੁਤਲੇ ਨੂੰ ਨੁਕਸਾਨ ਪਹੁੰਚਾਉਣ ਦੀ ਕ੍ਰਿਆ ਦੀ ਉਦਾਹਰਣ ਦਿੰਦਾ ਹੈ।ਆਦਿ ਮਨੁੱਖ ਬਾਰਸ਼ ਲਈ ਦਰਖਤ ਤੇ ਚੜ੍ਹ ਕੇ ਬਦਲਾਂ ਦੀ ਗਰਜ ਦੀ ਤਰ੍ਹਾਂ ਢੋਲ ਵਜਾਉਂਦਾ ਸੀ ਅਤੇ ਬਿਜਲੀ ਦੀ ਤਰ੍ਹਾਂ ਪ੍ਰਕਾਸ਼ ਕਰਦਾ ਸੀ ਅਤੇ ਫਿਰ ਪਾਣੀ ਡੋਲ੍ਹਦਾ ਜਾਂ ਪੇਸ਼ਾਬ ਕਰਦਾ ਸੀ ਤਾਂ ਕਿ ਬਾਰਸ਼ ਆ ਜਾਵੇ। ਸੰਪਰਕ ਦਾ ਨਿਯਮ ਅਜਿਹੀ ਧਾਰਨਾ ਤੇ ਆਧਾਰਤ ਹੈ ਕਿ ਜਿਨ੍ਹਾਂ ਵਸਤਾਂ ਦਾ ਕਦੇ ਇਕ ਦੂਜੇ ਨਾਲ ਸੰਪਰਕ ਰਿਹਾ ਹੈ ਉਹ ਵੱਖ ਹੋਣ ਪਿੱਛੋਂ ਵੀ ਇਕ ਦੂਜੇ ਤੇ ਅਸਰਕਾਰੀ ਬਣੇ ਰਹਿੰਦੇ ਹਨ। ਕਿਸੇ ਆਦਮੀ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੇ ਨਹੁੰ, ਵਾਲ ਜਾਂ ਕਪੜੇ ਨੂੰ ਜਲਾਇਆ ਜਾਂਦਾ ਸੀ।

ਜਦੋਂ ਜਾਦੂ ਹਮੇਸ਼ਾਂ ਸਫਲ ਨਾ ਹੋਇਆ ਤਾਂ ਆਦਿ ਮਨੁੱਖ ਨੇ ਬਲਸ਼ਾਲੀ ਤਾਕਤਾਂ ਪ੍ਰੇਤ, ਪਿਤਰ, ਰੂਹਾਂ ਦੇਵਤੇ ਆਦਿ ਦੀ ਹੋਂਦ ਨੂੰ ਕਿਆਸ ਕੀਤਾ ਜਾਣ ਲੱਗਿਆ। ਧਰਮ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਮਨੁੱਖ ਜਾਦੂ ਦੀ ਵਿਧੀ ਤਿਆਗ ਕੇ ਸ਼ਕਤੀਸ਼ਾਲੀ ਰੂਹਾਂ ਦੀ ਖੁਸ਼ੀ ਹਾਸਲ ਕਰਨ ਲਈ ਉਨ੍ਹਾਂ ਦੀ ਅਧੀਨਗੀ ਪ੍ਰਵਾਨ ਕਰਕੇ ਅਰਾਧਨਾ ਪੂਜਾ ਸ਼ੁਰੂ ਕਰ ਦਿੰਦਾ ਹੈ। ਵਿਗਿਆਨ ਨੂੰ ਫਰੇਜ਼ਰ ਅਜਿਹੇ ਵਿਕਾਸ ਦਾ ਤੀਜਾ ਅਤੇ ਅੰਤਮ ਪੜ੍ਹਾ ਮੰਨਦਾ ਹੈ।

ਜਾਦੂ ਅਤੇ ਧਰਮ ਸੰਬੰਧੀ ਫਰੇਜ਼ਰ ਦੇ ਸਿਧਾਂਤਾਂ ਦਾ ਛੇਤੀ ਹੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਉਹ ਭਰੋਸੇਯੋਗ ਪ੍ਰਮਾਣਾਂ ਤੇ ਆਧਾਰਤ ਨਹੀਂ ਸਨ। ਫਿਰ ਵੀ ਧਰਮ ਅਧਿਐਨ ਦੇ ਖੇਤਰ ਵਿਚ ਜਾਦੂ ਤੇ ਧਰਮ ਦੇ ਆਪਸੀ ਸੰਬੰਧਾਂ ਦਾ ਵਿਸ਼ਾ ਫਰੇਜ਼ਰ ਦੀ ਦੇਣ ਹੈ ਜਿਸ ਉੱਤੇ ਪਿੱਛੋਂ ਬਹੁਤ ਸਾਰੇ ਵਿਦਵਾਨਾਂ ਨੇ ਕੰਮ ਕੀਤਾ। ਇਸਤੋਂ ਇਲਾਵਾ ਦੇਵੀ ਬਾਦਸ਼ਾਹੀ ਦਾ ਵਿਚਾਰ ਵੀ ਫਰੇਜ਼ਰ ਦੀਆਂ ਲਿਖਤਾਂ ਵਿਚ ਬਹੁਤ ਵਿਸਥਾਰ ਸਹਿਤ ਬਿਆਨ ਕੀਤਾ ਗਿਆ ਹੈ। ਉਸ ਦਾ ਵਿਚਾਰ ਸੀ ਕਿ ਪਹਿਲਾ ਬਾਦਸ਼ਾਹ ਕਬੀਲੇ ਦਾ ਮੁਖੀ ਪ੍ਰੋਹਤ ਜਾਂ ਜਾਦੂਗਰ ਹੀ ਸੀ।ਇਸ ਵਿਚਾਰ ਨੇ ਧਰਮ ਅਤੇ ਸਮਾਜ ਦੇ ਆਪਸੀ ਸੰਬੰਧਾਂ ਦੇ ਵਿਸ਼ੇ ਤੇ ਖੋਜ ਕਰਨ ਲਈ ਵਿਦਵਾਨਾਂ ਨੂੰ ਪ੍ਰੇਰਣਾ ਦਿੱਤੀ।

ਇਸ ਤਰ੍ਹਾਂ ਵੇਖਦੇ ਹਾਂ ਕਿ ਟਾਇਲਰ ਤੇ ਫਰੇਜ਼ਰ ਦੋਵੇਂ ਮਾਨਵ-ਵਿਗਿਆਨ ਦੇ ਖੇਤਰ ਵਿਚ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਯੁਕਤੀਵਾਦੀ (rationalism) ਅਤੇ ਵਿਕਾਸਵਾਦੀ (evolutionism) ਦ੍ਰਿਸ਼ਟੀਕੋਣ ਤੋਂ ਸਮਾਜ ਵਿਚ ਧਰਮ ਦੇ ਆਰੰਭ ਸੰਬੰਧੀ ਸਿਧਾਂਤ ਪ੍ਰਸਤੁਤ ਕੀਤੇ। ਉਨ੍ਹਾਂ ਦੇ ਸਿਧਾਂਤ ਤਾਂ ਭਾਵੇਂ ਬਹੁਤ ਚਿਰ ਟਿਕ ਨਹੀਂ ਸਕੇ ਫਿਰ ਵੀ ਉਨ੍ਹਾਂ ਨੇ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਧਰਮ ਦੇ ਅਧਿਐਨ ਦਾ ਉਪਰਾਲਾ ਕੀਤਾ ਅਤੇ ਇਸ ਦੇ ਧਰਮ ਅਧਿਐਨ ਤੇ ਚਿਰਸਥਾਈ ਪ੍ਰਭਾਵਕਾਰੀ ਅਸਰ ਹੋਇਆ ਇਸ ਨੇ ਆਦਿ ਮਨੁੱਖ ਸੰਬੰਧੀ ਬਣੀ ਧਾਰਨਾਂ ਨੂੰ ਤੋੜਿਆ ਅਤੇ ਮਨੁੱਖ ਰੂਪ ਵਿਚ ਪ੍ਰਵਾਨ ਕਰਨ ਦੀ ਪ੍ਰੇਰਨਾ ਦਿੱਤੀ। ਉਸ ਨੇ ਮਨੁੱਖੀ ਜੀਵਨ ਦੀਆਂ ਲੋੜਾਂ ਤੇ ਅਨੁਭਵ ਚੋਂ ਧਰਮ ਦੀ ਉਤਪਤੀ ਮੰਨ ਕੇ ਸਥਾਪਤ ਸਿਧਾਂਤਾਂ ਦੇ ਪੁਨਰ ਵਿਚਾਰ ਲਈ ਰਾਹ ਖੋਲ੍ਹਿਆ।

ਪਾਠ ਨੰਬਰ : 2.2 ਲੇਖਕ : ਡਾ. ਦਰਸ਼ਨ ਸਿੰਘ

# ਧਰਮ ਦੀ ਸਮਾਜ-ਵਿਗਿਆਨੀ ਅਧਿਐਨ-ਵਿਧੀ
## (ਅਮਾਇਲ ਦੁਰਖੇਮ (1858-1917) ਅਤੇ ਮੈਕਸ ਵੈਬਰ (1864-1920) ਦੇ ਵਿਸ਼ੇਸ਼ ਹਵਾਲੇ ਸਹਿਤ)

**ਭੂਮਿਕਾ :**

ਧਰਮ ਅਤੇ ਸਮਾਜ ਅਨਿਖੜ ਵਰਤਾਰੇ ਹਨ। ਇਸ ਕਾਰਨ ਧਰਮ ਦੇ ਅਧਿਐਨ ਸਮੇਂ, ਸਮਾਜਕ ਅਧਿਐਨ ਦੇ ਪਾਸਾਰ ਵੀ ਸ਼ਾਮਲ ਹੋ ਜਾਂਦੇ ਹਨ। ਇਸ ਲਈ ਸਮਾਜ ਵਿਗਿਆਨ ਦੀਆਂ ਵਿਧੀਆਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਧਰਮ ਮੁੱਢ ਤੋਂ ਹੀ ਮਨੁੱਖ ਦੇ ਸਮਾਜਿਕ ਜੀਵਨ ਦਾ ਅਨਿੱਖੜ ਅੰਗ ਰਿਹਾ ਹੈ, ਜਿਥੇ ਕਿਤੇ ਵੀ ਸਮਾਜ ਦਾ ਅਧਿਐਨ ਹੋਇਆ ਹੈ ਉਥੇ ਉਸ ਸਮਾਜ ਦੇ ਧਰਮ ਦਾ ਵਰਣਨ ਹਮੇਸ਼ਾ ਨਾਲ ਨਾਲ ਹੁੰਦਾ ਰਿਹਾ ਹੈ, ਪਰੰਤੂ ਆਧੁਨਿਕ ਵਿਗਿਆਨਿਕ ਅਰਥਾਂ ਵਿਚ ਧਰਮ ਦਾ ਸਮਾਜ-ਵਿਗਿਆਨੀ ਦ੍ਰਿਸ਼ਟੀ ਤੋਂ ਅਧਿਐਨ ਬਹੁਤ ਪੁਰਾਣਾ ਨਹੀਂ। ਧਰਮ ਦਾ ਸਮਾਜਿਕ ਦ੍ਰਿਸ਼ਟੀ ਤੋਂ ਅਧਿਐਨ, ਧਰਮ ਦੇ ਪਰਪੰਚ (Phenomena) ਨੂੰ ਸਮਝਣ ਦੇ ਵਿਸ਼ਾਲ ਯਤਨ, ਜਿਹੜਾ ਅਨੇਕ ਖੇਤਰਾਂ ਦੇ ਵਿਦਵਾਨਾਂ ਦੁਆਰਾ ਅਠਾਰਵੀਂ ਸਦੀ ਵਿਚ ਪੱਛਮ ਵਿਚ ਸ਼ੁਰੂ ਹੋਇਆ ਤੇ ਹੁਣ ਦੁਨੀਆ ਦੇ ਦੂਜੇ ਹਿੱਸਿਆਂ ਵਿਚ ਵੀ ਹੋ ਰਿਹਾ ਹੈ, ਤੋਂ ਹੋਇਆ ਅਤੇ ਉਸ ਦੇ ਨਾਲ ਹੀ ਅਨਿੱਖੜ ਰੂਪ ਵਿਚ ਜੁੜਿਆ ਹੋਇਆ ਹੈ। ਆਧੁਨਿਕ ਸਮੇਂ ਵਿਚ ਇਹ ਅਧਿਐਨ ਪੂੰਜੀਵਾਦ ਦੇ ਆਰੰਭ, ਸਭਿਆਚਾਰਕ ਅਨੇਕਵਾਦ, ਧਾਰਮਿਕ ਸਹਿਨਸ਼ੀਲਤਾ ਅਤੇ ਉਦਾਰਵਾਦੀ ਰਾਜ ਦੇ ਪ੍ਰਸੰਗ ਵਿਚ ਹੋਇਆ। ਇਸ ਤਰ੍ਹਾਂ ਸਮਾਜ-ਵਿਗਿਆਨ ਦਾ ਵਿਸ਼ਾ ਉਨ੍ਹੀਵੀਂ ਸਦੀ ਦੇ ਅੱਧ ਵਿਚ ਵੱਖਰੇ ਖੇਤਰ ਵਜੋਂ ਸ਼ੁਰੂ ਹੋਣ ਸਮੇਂ ਤੋਂ ਹੀ ਧਰਮ ਦੇ ਅਧਿਐਨ ਨਾਲ ਨੇੜੇ ਤੋਂ ਸੰਬੰਧਿਤ ਹੈ। ਸਮਾਜਿਕ ਦਾਰਸ਼ਨਿਕ Auguste Comet (1798-1857) ਜਿਨ੍ਹਾਂ ਨੇ ਸਮਾਜ-ਵਿਗਿਆਨ ਸ਼ਬਦ ਦਾ ਨਿਰਮਾਣ ਕੀਤਾ, ਨੇ ਆਪਣੇ ਅਧਿਐਨ ਨੂੰ ਧਰਮ ਤੇ ਵਿਗਿਆਨ ਦੋਹਾਂ ਰੂਪਾਂ ਵਿਚ ਪ੍ਰਵਾਨ ਕੀਤਾ। ਕਾਮਟੇ ਦਾ ਖਿਆਲ ਸੀ ਕਿ ਸਮਾਜ-ਵਿਗਿਆਨ ਨਾ ਸਿਰਫ ਵਿਗਿਆਨਾਂ ਦੀ ਰਾਣੀ ਹੋਵੇਗੀ ਬਲਕਿ ਨਵੇਂ ਧਰਮ ਪ੍ਰਤੱਖਵਾਦ (Positivism) ਦਾ ਵਿਗਿਆਨਕ ਆਧਾਰ ਵੀ ਹੋਵੇਗੀ ਜਿਹੜੀ ਵਰਤਮਾਨ ਧਰਮ ਨੂੰ ਹੌਲੀ ਹੌਲੀ ਅੱਖੋਂ ਓਹਲੇ ਧਕੇਲ ਦੇਵੇਗੀ। ਕਾਮਟੇ ਦੇ ਧਰਮ ਸ਼ਾਸ਼ਤਰ (Theology), ਪਰਾਭੌਤਿਕ ਵਿਗਿਆਨ (Metaphysics) ਅਤੇ ਪ੍ਰਤਖਵਾਦ (Positivism) ਦੇ ਵਿਕਾਸ ਦੇ ਤਿੰਨ ਪੜਾਵਾਂ ਦਾ ਜ਼ਿਕਰ ਸਭ ਵਿਦਵਾਨਾਂ ਨੇ ਕੀਤਾ ।ਪ੍ਰੰਤੂ ਕਰਮ ਦੇ ਖਤਮ ਹੋ ਜਾਣ ਅਤੇ ਪ੍ਰਤੱਖਵਾਦ ਦੇ ਪਰਸਾਰ ਦੀ ਕਾਮਟੇ ਦੀ ਧਾਰਨਾ ਹੁਣ ਲਗਭਗ ਪੂਰਨ ਰੂਪ ਵਿਚ ਇਸ ਖੇਤਰ ਦੇ ਅਧਿਕਾਰੀ ਵਿਦਵਾਨਾਂ ਦੁਆਰਾ ਅਪ੍ਰਵਾਨ ਕੀਤੀ ਜਾ ਚੁਕੀ ਹੈ।

Robert N Bellah ਅਨੁਸਾਰ ਸਮਾਜ-ਵਿਗਿਆਨੀਆਂ ਨੇ ਤਿੰਨ ਤਰ੍ਹਾਂ ਧਰਮ ਦਾ ਅਧਿਐਨ ਕੀਤਾ ਹੈ।ਉਨ੍ਹਾਂ ਨੇ ਸਮਾਜਿਕ ਕਾਰਜ (Social action) ਨੂੰ ਸਮਝਣ ਲਈ ਧਰਮ ਦਾ ਕੇਂਦਰੀ ਸਿਧਾਂਤਕ ਸਮੱਸਿਆ ਵਜੋਂ ਅਧਿਐਨ ਕੀਤਾ ਹੈ ।ਉਨ੍ਹਾਂ ਨੇ ਧਰਮ ਦਾ ਸਮਾਜਿਕ ਜੀਵਨ ਦੇ ਦੂਜੇ ਖੇਤਰਾਂ ਜਿਵੇਂ ਕਿ ਅਰਥ-ਸ਼ਾਸ਼ਤਰ, ਰਾਜਨੀਤੀ-ਵਿਗਿਆਨ, ਸਮਾਜਿਕ ਸ਼੍ਰੇਣੀ (Social Class) ਨਾਲ ਸੰਬੰਧ ਦਾ ਅਧਿਐਨ ਕੀਤਾ ਹੈ। ਅਖੀਰ ਤੇ ਉਨ੍ਹਾਂ ਧਾਰਮਿਕ ਕਰਤੱਵਾਂ, ਸੰਸਥਾਵਾਂ ਅਤੇ ਅੰਦੋਲਨਾਂ ਦਾ

ਅਧਿਐਨ ਕੀਤਾ ਹੈ।

ਜਾਗ੍ਰਤੀ-ਕਾਲ (Enlightenment) ਦੇ ਵਿਕਾਸਵਾਦ (Evolutionism) ਅਤੇ ਵਿਵੇਕਵਾਦ (Rationalism) ਦੇ ਪ੍ਰਭਾਵ ਅਧੀਨ ਧਰਮ ਦੇ ਆਰੰਭ ਨੂੰ ਜਾਣਨ ਦੇ ਵਿਸ਼ੇਸ਼ ਯਤਨ ਹੋਏ। ਇਨ੍ਹਾਂ ਸਾਰੇ ਯਤਨਾਂ ਦਾ ਮੂਲ ਮਨੋਰਥ ਇਹੀ ਦੱਸਣਾ ਸੀ ਕਿ ਧਰਮ ਦਾ ਆਰੰਭ ਮਨੁੱਖ ਦੇ ਜੀਵਨ ਵਿਚ ਮਨੁੱਖੀ ਅਨੁਭਵ ਦੀ ਵਿਆਖਿਆ ਦੇ ਯਤਨਾਂ ਵਿਚੋਂ ਹੀ ਹੋਇਆ ਹੈ। ਇਹ ਸਾਰੇ ਯਤਨ ਬਹੁਤ ਕਰਕੇ ਅਵਿਵੇਕਸ਼ੀਲ ਹੀ ਹੁੰਦੇ ਸਨ। ਉਨ੍ਹਾਂ ਅਨੁਸਾਰ ਵਿਵੇਕਵਾਦ ਦੇ ਪ੍ਰਸਾਰ ਰਾਹੀਂ ਧਰਮ ਆਪੇ ਹੀ ਮਨੁੱਖੀ ਜੀਵਨ ਵਿਚੋਂ ਅਲੋਪ ਹੋ ਜਾਵੇਗਾ।ਪ੍ਰੰਤੂ ਸਮਾਜ ਵਿਗਿਆਨੀਆਂ ਨੇ ਸ਼ੁਰੂ ਤੋਂ ਹੀ ਧਰਮ ਦੀ ਸਮਾਜਿਕ ਜੀਵਨ ਲਈ ਸਾਰਥਕਤਾ ਨੂੰ ਪ੍ਰਵਾਨ ਕੀਤਾ ਹੈ।ਉਨ੍ਹਾਂ ਵਿਚ ਇਕ ਹੋਰ ਵਖਰੇਵਾਂ ਇਹ ਸੀ ਕਿ ਉਹ ਧਰਮ ਦੇ ਆਰੰਭ ਨੂੰ ਜੀਵਨ ਦੇ ਨਾਲ ਨਾਲ ਸਮਾਜ ਵਿਚ ਧਰਮ ਦਾ ਕਾਰਜ (function) ਜਾਣਨ ਵਿਚ ਵੱਧ ਰੁਚਿਤ ਸਨ। ਪਿਛੋਂ ਉਨ੍ਹਾਂ ਵਿਚ ਧਰਮ ਦੇ ਆਰੰਭ ਬਾਰੇ ਜਾਨਣ ਦੀ ਰੁਚੀ ਹੋਰ ਵੀ ਘੱਟ ਗਈ।ਇਸ ਤਰ੍ਹਾਂ ਸ਼ੁਰੂ ਤੋਂ ਹੀ ਸਮਾਜ-ਵਿਗਿਆਨੀਆਂ ਨੇ ਧਰਮ ਨੂੰ ਸਮਾਜਿਕ ਵਿਵਸਥਾ ਦਾ ਅਨਿੱਖੜ ਅੰਗ ਪ੍ਰਵਾਨ ਕੀਤਾ ਅਤੇ ਸਮਾਜ ਦੇ ਬੀਤੇ ਤੇ ਵਰਤਮਾਨ ਰੂਪਾਂ ਦੀ ਜਾਣਕਾਰੀ ਲਈ ਬੁਨਿਆਦੀ ਅੰਗ ਵੀ। ਪਰੰਤੂ ਉਨ੍ਹਾਂ ਨੇ ਧਰਮ ਨੂੰ ਵੀ ਦੂਜੀਆਂ ਸਮਾਜਿਕ ਸੰਸਥਾਵਾਂ ਜਿਵੇਂ ਰਾਜਨੀਤੀ, ਸਦਾਚਾਰ ਆਦਿ ਦੀ ਤਰ੍ਹਾਂ ਤਰਕਸ਼ੀਲ ਅਧਿਐਨ ਦਾ ਵਿਸ਼ਾ ਹੀ ਪ੍ਰਵਾਨ ਕੀਤਾ।Robert Bellah ਨੇ ਜਾਗ੍ਰਤੀ ਕਾਲ ਦੀ ਬੌਧਿਕਧਾਰਾ ਵਿਚ ਧਰਮ ਦੀ ਵਿਆਖਿਆ ਨਾਲ ਸੰਬੰਧਿਤ ਤਰਕਵਾਦੀ (Rationalists) ਅਤੇ ਅਤਰਕਵਾਦੀ (Non-Rationalists) ਵਿਦਵਾਨਾਂ ਦੇ ਦੋ ਵਰਗਾ ਦਾ ਨਿਖੇੜਾ ਕੀਤਾ ਹੈ। ਅਤਰਕਵਾਦੀ ਤੋਂ ਭਾਵ ਉਨ੍ਹਾਂ ਵਿਦਵਾਨਾਂ ਤੋਂ ਹੈ ਜੋ ਮਨੁੱਖੀ ਹੋਂਦ ਦੇ ਅਤਾਰਕਿਕ ਪੱਖ ਨੂੰ ਕੇਂਦਰੀ ਅਤੇ ਬੁਨਿਆਦੀ ਪ੍ਰਵਾਨ ਕਰਦੇ ਹਨ।ਤਰਕਵਾਦੀ ਪਰੰਪਰਾ ਸਤਾਰ੍ਹਵੀ, ਅਠਾਰਵੀ ਸਦੀ ਵਿਚ ਇੰਗਲੈਂਡ ਤੇ ਫਰਾਂਸ ਵਿਚ ਧਰਮ ਨਿਰਪੱਖਵਾਦ (Secularism) ਅਤੇ ਸੰਸਾਵਾਦ (Skepticism) ਦੇ ਆਰੰਭ ਨਾਲ ਸੰਬੰਧਿਤ ਹੈ। ਤਰਕਵਾਦੀਆਂ ਦਾ ਵਿਚਾਰ ਹੈ ਕਿ ਧਰਮ ਦੇ ਅਤਾਰਕਿਕ ਵਿਚਾਰਾਂ ਤੇ ਅਮਲਾਂ ਨੂੰ ਤਰਕ ਦੇ ਖੇਤਰ ਵਿਚ ਹੀ ਸਮਝਿਆ ਜਾ ਸਕਦਾ ਹੈ। ਅਤਰਕਵਾਦੀ ਪਰੰਪਰਾ ਉਪਰੋਕਤ ਦੇ ਵਿਰੋਧ ਵਿਚ ਪੈਦਾ ਹੋਈ।

ਅਤਾਰਕਿਕ ਪਰੰਪਰਾ ਮੁੱਖ ਰੂਪ ਵਿਚ ਜਰਮਨੀ ਵਿਚ ਵਿਕਸਿਤ ਹੋਈ ਅਤੇ ਇਸ ਪਰੰਪਰਾ ਦੇ ਸਮਰਥਕਾਂ ਨੇ ਧਰਮ ਦੇ ਵਿਲੱਖਣ (Sui Generis) ਗੁਣ ਤੇ ਜ਼ੋਰ ਦਿੱਤਾ। Johan Gottfried Herder ਦਾ ਵਿਚਾਰ ਸੀ ਕਿ ਧਰਮ ਤਰਕ ਦੀ ਥਾਂ ਵਿਲੱਖਣ ਅਨੁਭਵ ਅਤੇ ਭਾਵਨਾਵਾਂ ਤੇ ਆਸ਼ਰਿਤ ਹੈ। 19ਵੀਂ ਸਦੀ 'ਚ Friedrich Schleiemacher ਨੇ ਇਸ ਵਿਚਾਰ ਦੀ ਪ੍ਰਬੰਧ-ਰੂਪ 'ਚ ਵਿਆਖਿਆ ਕੀਤੀ ਸੀ। ਉਸ ਦੀ ਧਾਰਨਾ ਸੀ ਕਿ ਧਰਮ ਨਾ ਹੀ ਅਧੂਰਾ ਦਰਸ਼ਨ ਹੈ ਤੇ ਨਾ ਹੀ ਆਦਿ ਕਾਲੀਨ ਸਦਾਚਾਰ ਬਲਕਿ ਇਕ ਵਿਲੱਖਣ ਤੇ ਸਵੈ-ਸਿੱਧ ਯਥਾਰਥ ਹੈ। ਇਸ ਦੀ ਨੀਂਹ ਗਿਆਨ ਤੇ ਕਰਮ ਤੇ ਨਹੀਂ, ਭਾਵਨਾਵਾਂ ਉਤੇ ਹੈ। ਉਨ੍ਹਾਂ ਨੇ ਧਰਮ ਨੂੰ ਪੂਰਨ ਨਿਰਭਰਤਾ ਦੀ ਭਾਵਨਾ ਦੇ ਰੂਪ ਵਿਚ ਬਿਆਨ ਕੀਤਾ। ਧਰਮ ਦੀ ਵਿਆਖਿਆ ਨਾਲ ਇਹ ਦੋ ਪ੍ਰੰਪਰਾਵਾਂ ਵਿਚ ਅਮਾਇਲ ਦੁਰਖੇਮ ਤਾਰਕਿਕ ਪਰੰਪਰਾ ਦੇ ਵੱਧ ਨੇੜੇ ਹੈ ਜਦੋਂ ਕਿ ਮੈਕਸ ਵੈਬਰ ਅਤਾਰਕਿਕ ਪਰੰਪਰਾ ਦੇ ਵਧੀਕ ਨੇੜੇ ਹੈ।

ਅਮਾਇਲ ਦੁਰਖੇਮ (1858-1917) ਫਰਾਂਸੀਸੀ ਸਮਾਜ-ਸ਼ਾਸ਼ਤਰੀ ਸਨ। ਉਹ ਇਕ ਧਾਰਮਿਕ ਪਿਤਾ ਦੇ ਪੁੱਤਰ ਸਨ ਜੋ Epinal Lorraine ਵਿਚ ਪੈਦਾ ਹੋਏ ਅਤੇ Ecolo Normale Supererieue ਵਿਚ ਪੜ੍ਹੇ। ਉਨ੍ਹਾਂ ਨੇ ਸੰਨ 1887 ਤੋਂ 1902 ਤੱਕ Bordeaux ਯੂਨੀਵਰਸਿਟੀ ਵਿਚ ਪੜ੍ਹਾਇਆ ਅਤੇ ਉਸ ਤੋਂ ਬਾਅਦ ਪੈਰਿਸ ਵਿਚ 1906 ਤੋਂ ਪ੍ਰੋਫੈਸਰ ਦੇ ਤੌਰ ਤੇ ਉਹ ਸਕੂਲ ਅਧਿਆਪਕਾਂ ਦੀ ਸਿਖਲਾਈ ਦੇ ਇੰਚਾਰਜ਼ ਸਨ। ਇੱਥੇ ਹੀ ਉਨ੍ਹਾਂ ਨੇ ਧਰਮ ਨਿਰਪੱਖ ਸਦਾਚਾਰ ਦੀ

ਨੀਂਹ ਮਜ਼ਬੂਤ ਕਰਨ ਲਈ ਸਮਾਜ-ਸ਼ਾਸ਼ਤਰ ਦਾ ਵਿਸ਼ਾ ਲਾਗੂ ਕਰਵਾਇਆ ਸੀ।ਯੂਨੀਵਰਸਿਟੀ ਵਿਚ ਇਕ ਸਿਧਾਂਤ-ਪ੍ਰਵਰਤਕ ਤੇ ਸਰਪਰਸਤ ਦੇ ਤੌਰ ਤੇ ਉਨ੍ਹਾਂ ਦਾ ਬਹੁਤ ਸਤਿਕਾਰ ਸੀ, ਦੁਰਖੇਮੀਅਨ ਸਮਾਜ-ਸ਼ਾਸ਼ਤਰ 1930 ਤਕ ਪ੍ਰਚਲਿਤ ਰਿਹਾ ਅਤੇ ਇਤਿਹਾਸਕਾਰ, ਜਾਤੀ-ਵਿਗਿਆਨੀਆਂ ਅਤੇ ਹੋਰ ਵਿਸ਼ੇਸ਼ਗਾਂ ਤੇ ਇਸ ਦਾ ਗਹਿਰਾ ਪ੍ਰਭਾਵ ਸੀ। ਉਨ੍ਹਾਂ ਦੇ ਵਿਚਾਰਾਂ ਦਾ ਸਮਾਜ-ਸ਼ਾਸਤਰ ਅਤੇ ਸਮਾਜੀ ਮਾਨਵ ਵਿਗਿਆਨ ਤੇ ਬਹੁਤ ਵਿਆਪਕ ਤੇ ਉਸਾਰੂ ਅਸਰ ਹੋਇਆ।ਉਨ੍ਹਾਂ ਦਾ ਧਰਮ ਦੇ ਸਮਾਜ-ਸ਼ਾਸਤਰ ਤੇ ਕੀਤਾ ਕੰਮ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ।

ਦੁਰਖੇਮ ਦੀਆਂ ਮੁੱਢਲੀਆਂ ਲਿਖਤਾਂ ਵਿਚ ਧਰਮ ਨੂੰ ਇਤਫਾਕੀਆ ਤੌਰ ਤੇ ਸਮਾਜੀ ਵਿਕਾਸ ਦੀਆਂ ਮੁੱਢਲੀਆਂ ਅਵਸੁਕਤਾਵਾਂ ਵਿਚ ਯਾਂਤਰਿਕ ਸਥਿਰਤਾ (Mechanical Solidarity) ਵਜੋਂ ਹੀ ਪ੍ਰਵਾਨ ਕੀਤਾ ਗਿਆ। ਉਨ੍ਹਾਂ ਦੀਆਂ ਲਿਖਤਾਂ ਅਨੁਸਾਰ ਹੀ 1895 ਤੋਂ ਬਾਅਦ ਉਨ੍ਹਾਂ ਨੇ ਧਰਮ ਦੇ ਸਮਾਜਿਕ ਜੀਵਨ ਵਿਚ ਕੇਂਦਰੀ ਮਹੱਤਵ ਨੂੰ ਪਛਾਣਿਆ। ਅਜਿਹਾ ਪਰਿਵਰਤਨ W. Robertson Smith ਦੀਆਂ ਲਿਖਤਾਂ ਦੇ ਅਧਿਐਨ ਕਰਕੇ ਹੋਇਆ ਜਿਹੜੀਆਂ ਦੁਰਖੇਮ ਦੇ ਅਧਿਆਪਕ N. D. Fustelde Conlanges ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ। ਇਨ੍ਹਾਂ ਲਿਖਤਾਂ ਦੇ ਅਧਿਐਨ ਤੋਂ ਉਨ੍ਹਾਂ ਨੇ ਧਰਮ ਸੰਬੰਧੀ ਅਜਿਹਾ ਦ੍ਰਿਸ਼ਟੀਕੋਣ ਗ੍ਰਹਿਣ ਕੀਤਾ ਕਿ ਧਾਰਮਿਕ ਸੰਸਥਾਵਾਂ ਦੇ ਅਮਲ ਸਮਾਜਿਕ ਵਿਵਸਥਾ ਕਾਇਮ ਰੱਖਣ ਲਈ ਬੁਨਿਆਦੀ ਭੂਮਿਕਾ ਨਿਭਾਉਂਦੀਆਂ ਹਨ ਅਤੇ ਜਾਦੂ ਧਰਮ ਤੋਂ ਉਤਪੰਨ ਦੂਜੇ ਦਰਜੇ ਦਾ ਵਿਸ਼ਵਾਸ਼ ਹੈ। ਇਸ ਦੇ ਨਾਲ ਹੀ ਉਸ ਨੇ ਟੋਟਮਵਾਦ (Totemism) ਨੂੰ ਧਰਮ ਦਾ ਮੁਢਲਾ ਰੂਪ ਪਛਾਣਿਆ ਅਤੇ ਟੋਟਮਿਕ ਰਸਮਾਂ ਦੇ ਸਮਾਜਿਕ ਕਾਰਜ ਨੂੰ ਬਿਆਨ ਕੀਤਾ ਅਤੇ ਸਮਾਜ ਜਾਂ ਸਮੂਹ ਦੇ ਦੈਵੀਕਰਣ (Divinisation) ਦੇ ਵਿਚਾਰ ਨੂੰ ਉਘਾੜਿਆ। ਇਸ ਖੇਤਰ ਵਿਚ ਉਨ੍ਹਾਂ ਦੀ 1912 ਵਿਚ ਲਿਖੀ ਪੁਸਤਕ The Elementary Forms of Religious Life (ਅੰਗਰੇਜ਼ੀ ਅਨੁਵਾਦ 1915) ਹੁਣ ਤਕ ਇਸ ਖੇਤਰ ਦੀ ਸਨਾਤਨੀ ਰਚਨਾ ਦਾ ਮਾਣ ਹਾਸਿਲ ਕਰ ਚੁੱਕੀ ਹੈ।

ਦੁਰਖੇਮ ਨੇ ਆਪਣੀ ਇਸ ਪੁਸਤਕ ਵਿਚ ਆਸਟ੍ਰੇਲੀਅਨ ਆਦਿ-ਵਾਸੀ ਲੋਕਾਂ ਦੇ ਜੀਵਨ ਦੇ ਅਧਿਐਨ ਨੂੰ ਆਧਾਰ ਬਣਾਇਆ ਸੀ। ਉਹਨਾਂ ਦਾ ਇਹ ਅਧਿਐਨ Grey (1841), Spencer ਅਤੇ Gillin (1899 ਅਤੇ 1904) ਅਤੇ (Strehlow 1907-1920) ਦੇ ਖੇਤਰੀ ਕਾਰਜ ਤੇ ਆਧਾਰਿਤ ਸੀ। ਦੁਰਖੇਮ ਅਨੁਸਾਰ "ਧਰਮ ਪਵਿੱਤਰ ਵਸਤਾਂ ਨਾਲ ਸੰਬੰਧਿਤ ਵਿਸ਼ਵਾਸ਼ਾਂ ਅਤੇ ਅਮਲਾਂ ਦਾ ਏਕੀਕ੍ਰਿਤ ਪ੍ਰਬੰਧ ਹੁੰਦਾ ਹੈ"। ਇਸ ਪਰਿਭਾਸ਼ਾ ਵਿਚ ਪਵਿੱਤਰ (Sacred) ਅਤੇ ਅਪਵਿੱਤਰ (Profane) ਦਾ ਨਿਖੇੜਾ ਬੁਨਿਆਦੀ ਹੁੰਦਾ ਹੈ।ਪਵਿੱਤਰ ਆਪਣੀ ਪਵਿੱਤਰਤਾ ਦੇ ਗੁਣ ਕਰੇ ਵੱਖਰਾ ਵਰਜਿਤ ਹੁੰਦਾ ਹੈ ਅਤੇ ਇਸ ਨਾਲ ਪੂਜਾ ਉਪਾਸਨਾ ਜਾਂ ਕਰਮ ਕਾਂਡ ਰਾਹੀਂ ਹੀ ਸੰਪਰਕ ਤੇ ਸੰਬੰਧ ਪੈਦਾ ਕੀਤਾ ਹੈ।ਮੋਟੇ ਤੌਰ ਤੇ ਧਰਮ ਸੰਬੰਧੀ ਦੁਰਖੇਮ ਨੇ ਇਹ ਕੁਝ ਬੁਨਿਆਦੀ ਵਿਚਾਰ ਦਿੱਤੇ :

(ੳ) ਪਵਿੱਤਰ ਤੇ ਅਪਵਿੱਤਰ ਦਾ ਨਿਖੇੜਾ ਧਰਮ ਦਾ ਬੁਨਿਆਦੀ ਆਧਾਰ ਹੈ।

(ਅ) ਟੋਟਮ ਜਾਤੀ ਜਾਂ ਕਬੀਲੇ ਦਾ ਪ੍ਰਤੀਨਿਧ ਚਿੰਨ੍ਹ ਹੁੰਦਾ ਹੈ ਅਤੇ ਇਹ ਕਬੀਲੇ ਦੇ ਚਿੰਨ੍ਹ ਤੋਂ ਵੱਧ ਕੇ ਹੋਰ ਕੁਝ ਨਹੀਂ ਹੁੰਦਾ।

ਇਸ ਤੋਂ ਭਾਵ ਇਹੀ ਹੈ ਕਿ ਧਰਮਾਂ ਦੇ ਆਰੰਭ ਦਾ ਆਧਾਰ ਸਮਾਜਿਕ ਜੀਵਨ ਹੈ ਅਤੇ ਸਮਾਜ ਦੇ ਹੀ ਪਰਿਵਰਤਿਤ ਤੇ ਦੈਵੀਕਰਿਤ ਰੂਪ ਦੀ ਹੀ ਪੂਜਾ ਹੁੰਦੀ ਹੈ। ਇਸ ਤਰ੍ਹਾਂ ਧਾਰਮਿਕ ਵਿਸ਼ਵਾਸ਼ ਤੇ ਧਾਰਮਿਕ ਰਸਮਾਂ ਸਮੂਹਿਕ ਜੀਵਨ ਵਿਚੋਂ ਸਮੂਹਿਕ ਜੀਵਨ ਦੇ ਉਲਾਸ ਤੇ ਉਤੇਜਨਾ ਦੇ ਛਿਣਾਂ ਵਿਚ ਪੈਦਾ ਹੁੰਦੇ ਹਨ ਅਤੇ ਇਹ ਸਮਾਜਿਕ ਜੀਵਨ ਦੀ ਸਥਿਰਤਾ ਬਣਾਈ ਰਖਣ ਵਿਚ ਸਹਾਈ ਹੋਣ ਦੇ ਨਾਲ ਨਾਲ ਵਿਅਕਤੀਆਂ ਦੇ ਸਮਾਜੀਕਰਣ ਦੀ ਪ੍ਰਕ੍ਰਿਆ ਵਿਚ ਉਸਾਰੂ ਯੋਗਦਾਨ ਪਾਉਂਦੇ ਹਨ। ਦੁਰਖੇਮ ਨੇ

ਇਸ ਤੋਂ ਬਾਹਰ ਧਰਮ ਦੇ ਕਿਸੇ ਪਰਾਭੌਤਿਕ ਆਧਾਰ ਨੂੰ ਪ੍ਰਵਾਨ ਨਹੀਂ ਕੀਤਾ। ਇਸ ਤਰ੍ਹਾ ਧਰਮ ਪਰਤੱਖ (Cognitive) ਅਤੇ ਪ੍ਰਕਾਸ਼ਣਾ ਸੰਬੰਧੀ (expressive) ਪ੍ਰਮੁੱਖ ਕਾਰਜ ਨਿਭਾਉਂਦਾ ਹੈ। ਧਰਮ ਸਮਾਜਿਕ ਅਸਲੀਅਤ ਨੂੰ ਸਮਝਣ ਦੀ ਵਿਧੀ ਹੈ ਜਗਤ ਦੀ ਪਹਿਲੀ ਵਿਆਖਿਆ ਮਿਥਿਹਾਸਕ ਸਮਾਜ ਸ਼ਾਸ਼ਤਰ ਦਾ ਇਕ ਰੂਪ ਹੈ। ਇਸ ਦੇ ਨਾਲ ਹੀ ਧਰਮ ਸਮਾਜਿਕ ਰਿਸ਼ਤਿਆਂ ਦੇ ਚਿਹਨੀਕਰਣ (Symbolozation) ਅਤੇ ਨਾਟਕੀਕਰਣ (Dramatizaton) ਦੀ ਵਿਧੀ ਹੈ।

ਟੋਟਮ ਕਬੀਲੇ ਦਾ ਹੀ ਚਿੰਨ੍ਹ ਹੁੰਦਾ ਹੈ ।ਸਮਾਜ ਮਨੁੱਖ ਨੂੰ ਸੁਖ ਸੁਵਿਧਾ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਲਈ ਮਨੁੱਖ ਸਮਾਜ ਦੀ ਸ਼ਰਣ ਲੈਂਦਾ ਹੈ ਪ੍ਰੰਤੂ ਇਹੀ ਸਮਾਜ ਹਰੇਕ ਵਿਅਕਤੀ ਨੂੰ ਸਮਾਜਿਕ ਜੀਵਨ ਦੀਆਂ ਅਨੇਕ ਜ਼ਿੰਮੇਵਾਰੀਆਂ ਵੀ ਦਿੰਦਾ ਹੈ। ਇਸ ਤਰ੍ਹਾਂ ਧਰਮ ਸਮਾਜੀ ਬੰਧਨਾਂ ਦੀ ਪਰਪੱਕਤਾ, ਸਥਿਰਤਾ ਨੂੰ ਬਣਾਈ ਰੱਖਣ ਵਿਚ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਭਾਵੇਂ ਦੁਰਖੇਮ ਨੇ ਇਹ ਤਾਂ ਪ੍ਰਵਾਨ ਕਰ ਲਿਆ ਕਿ ਕੋਈ ਵੀ ਧਰਮ ਭਰਮ ਨਹੀਂ ਹੁੰਦਾ ਫਿਰ ਵੀ ਰੱਬ ਉਸ ਲਈ ਸਮਾਜ ਦੇ ਪਰਿਵਰਤਿਤ ਰੂਪ ਅਤੇ ਚਿਹਨਾਤਮਿਕ ਪ੍ਰਗਟਾਵੇ ਤੋਂ ਵੱਧ ਕੁਝ ਵੀ ਨਹੀਂ ਹੁੰਦਾ। ਇਸ ਤਰ੍ਹਾਂ ਦੁਰਖੇ ਮ ਦੀ ਧਰਮ ਦੀ ਵਿਆਖਿਆ ਧਰਮ ਨਿਰਪੱਖ ਪ੍ਰਤੱਖਵਾਦ ਤੇ ਵਿਵੇਕਵਾਦ ਦੇ ਘੇਰੇ ਵਿਚ ਹੀ ਆ ਜਾਂਦੀ ਹੈ।

ਮੈਕਸ ਵੈਬਰ (1814-1920) : ਉਘੇ ਜਰਮਨ ਸਮਾਜ-ਸ਼ਾਸਤਰੀ ਸਨ। ਵੀਹਵੀਂ ਸਦੀ ਦੇ ਸਮਾਜ-ਵਿਗਿਆਨੀਆਂ ਵਿਚੋਂ ਉਹ ਅਤੀ ਸਤਿਕਾਰਯੋਗ ਤੇ ਮਹਾਨ ਵਿਗਿਆਨੀ ਸਨ ਅਤੇ ਉਨ੍ਹਾਂ ਦੇ ਸਮਾਜ ਸ਼ਾਸ਼ਤ੍ਰ ਦਾ ਖੇਤਰ ਅਸਾਧਾਰਨ ਤੌਰ ਤੋਂ ਵਿਆਪਕ ਸੀ। ਉਹਨਾ ਕਾਨੂੰਨੀ ਇਤਿਹਾਸਕਾਰ ਦੇ ਤੌਰ ਤੇ ਸਿੱਖਿਆ ਪ੍ਰਾਪਤ ਕੀਤੀ ਅਤੇ ਆਧੁਨਿਕ ਸਮਾਜਿਕ ਸਰੰਚਨਾ ਆਰਥਿਕਤਾ ਦਾ ਵਿਸ਼ਲੇਸ਼ਣ, ਕਾਨੂੰਨ, ਸਭਿਆਤਾਵਾਂ ਦਾ ਤੁਲਨਾਤਮਿਕ ਵਿਸ਼ਲੇਸ਼ਣ ਅਤੇ ਸਮਾਜਿਕ ਵਿਗਿਆਨਾਂ ਦੀ ਖੋਜ-ਵਿਧੀ ਆਦਿ ਦੇ ਖੇਤਰਾਂ ਦੇ ਅਧਿਐਨ ਵਿਚ ਬਹੁਤ ਹੀ ਮਹੱਤਵਪੂਰਣ ਯੋਗਦਾਨ ਪਾਇਆ। ਉਹ ਆਪਣੇ ਸਮੇਂ ਸਥਾਨ ਦੀ ਰਾਜਨੀਤੀ ਵਿਚ ਵੀ ਰੁੱਝੇ ਸਨ। ਉਨ੍ਹਾਂ ਸੱਤਾ (authority) ਅਤੇ ਤਾਕਤ (power) ਵਰਗੇ ਵਿਸ਼ਿਆਂ ਦਾ ਅਤਿ ਯਥਾਰਥਵਾਦੀ ਧਰਾਤਲ ਤੇ ਗਹਿਰਾ ਅਧਿਐਨ ਪ੍ਰਸਤੁਤ ਕੀਤਾ ਸੀ। ਲਗਭਗ ਸਾਰੇ ਖੇਤਰਾਂ ਵਿਚ ਮਨੁੱਖੀ ਸਭਿਆਚਾਰ ਵਿਚ ਅਰਥਾਂ ਦੀ ਸਮੱਸਿਆ ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਧਿਆਨ ਦਾ ਕੇਂਦਰ ਬਣੀ ਰਹੀ। ਉਹ ਮਨੁੱਖੀ ਰੂਹ ਦੀਆਂ ਪਰਾਭੌਤਿਕ ਲੋੜਾਂ ਅਤੇ ਸਮਾਜਿਕ ਹੋਂਦ ਦੇ ਬੰਧਨਾਂ ਦੇ ਆਪਸੀ ਵਿਰੋਧ ਤੋਂ ਬਹੁਤ ਹੀ ਤੀਬਰਤਾ ਸਹਿਤ ਚੇਤਨ ਸਨ।

ਉਨ੍ਹਾਂ ਦੇ ਪਿਤਾ ਬਰਲਿਨ ਦੇ ਪ੍ਰਸਿੱਧ ਵਕੀਲ ਸਨ ਅਤੇ ਉਨ੍ਹਾ ਦੀ ਮਾਤਾ ਲੂਬਰੀ ਵਿਸ਼ਵਾਸ਼ਾਂ ਵਿਚ ਸ਼ਰਧਾ ਰਖਦੀ ਸੀ ਅਤੇ ਸੇਵਾ ਦੇ ਕੰਮਾਂ ਵਿਚ ਲਗੀ ਹੋਈ ਸੀ। ਉਨ੍ਹਾਂ ਦੀ ਸ਼ਾਦੀ Marriane Weber ਨਾਲ ਹੋਈ ਜਿਹੜੀ ਸਿਰਕੱਢ ਤੇ ਸੁਤੰਤਰ ਵਿਚਾਰਾਂ ਦੀ feminist ਸੀ। ਵੈਬਰ ਫਰੈਬਰਗ (Freburg), ਹੈਂਡਲਬਰਗ (Heidelburg) ਅਤੇ ਮਿਊਨਿਕ (Munich) ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਰਿਹਾ।ਹੋਰਨਾਂ ਤੋਂ ਇਲਾਵਾ ਪ੍ਰਸਿੱਧ ਧਰਮ ਸ਼ਾਸ਼ਤ੍ਰੀ Ernst Troeltsch, Heidelburg ਯੂਨੀਵਰਸਿਟੀ ਵਿਚ ਉਨ੍ਹਾਂ ਦਾ ਮਿੱਤਰ ਸੀ ਉਹ ਆਪਣੀਆਂ ਲਿਖਤਾਂ ਤੋਂ ਇਲਾਵਾ ਅਖਬਾਰਾਂ ਵਿਚ ਵੀ ਲੇਖ ਤੇ ਸੰਪਾਦਕੀ ਛਪਵਾਉਂਦੇ ਰਹਿੰਦੇ ਸਨ ਅਤੇ ਆਪਣੇ ਸਮੇਂ ਦੇ ਸਮਾਜਿਕ ਵਿਗਿਆਨਕ ਜਨਰਲ ਦੇ ਸੰਪਾਦਕ ਵੀ ਸਨ। ਧਰਮ ਦੇ ਖੇਤਰ ਵਿਚ Protestant Ethic and the Spirit of Capitalism (1905) ਅਤੇ (Sociology of Religion) (1920-21) ਵਿਸ਼ੇਸ਼ ਮਹੱਤਤਾ ਰਖਦੀਆਂ ਹਨ।ਧਰਮ ਅਧਿਐਨ ਦੇ ਖੇਤਰ ਵਿਚ ਵੈਬਰ ਦਾ ਵਿਸ਼ਲੇਸ਼ਣ ਇਤਨਾ ਗਹਿਰਾ ਅਤੇ ਵਿਆਪਕ ਹੈ ਕਿ ਕਿਸੇ ਵੀ ਸੰਖੇਪ ਲਿਖਤ ਵਿਚ ਇਸ ਦਾ ਲੇਖਾ-ਜੋਖਾ ਦੇਣਾ ਲਗਭਗ ਅਸੰਭਵ ਹੀ ਹੈ। ਫਿਰ ਵੀ ਜਿਸ ਤਰ੍ਹਾਂ ਕਿ ਉਪਰ ਕਹਿ ਆਏ ਹਾਂ ਕਿ ਵੈਬਰ ਜਾਗ੍ਰਤੀ-ਕਾਲ ਦੀਆਂ

ਤਾਰਕਿਕ ਅਤੇ ਅਤਾਰਕਿਕ ਦੇ ਬੌਧਿਕ ਧਾਰਵਾਂ ਵਿਚੋਂ ਅਤਾਰਕਿਕ ਧਾਰਾ ਦੇ ਵਧੀਕ ਨੇੜੇ ਹੈ ਅਤੇ ਧਰਮ ਦੇ ਵਿਲੱਖਣ (sui generis) ਸੁਭਾਅ ਨੂੰ ਪ੍ਰਵਾਨ ਕਰਨ ਦਾ ਸਮਰਥਨ ਕਰਦਾ ਹੈ। ਦੁਰਖੇਮ ਨੇ ਜਿਥੇ ਧਰਮ ਨੂੰ ਸਮਾਜਿਕ ਵਿਵਸਥਾ ਬਣਾਈ ਰੱਖਣ ਦੇ ਸਹਾਇਕ ਕਾਰਨ ਵਜੋਂ ਚਿਤਰਿਆ ਹੈ। ਉਥੇ ਵੈਬਰ ਨੇ ਧਰਮ ਦੇ ਸਮਾਜਿਕ ਕਾਰਜ (social action) ਨਾਲ ਸੰਬੰਧਾਂ ਦਾ ਗਹਿਰਾ ਅਧਿਐਨ ਪ੍ਰਸਤੁਤ ਕੀਤਾ ਹੈ।

ਵੈਬਰ ਦੇ ਧਰਮ ਦੇ ਸਮਾਜ ਵਿਗਿਆਨ ਸੰਬੰਧੀ ਜਿਸ ਯੋਗਦਾਨ ਨੂੰ ਸਭ ਤੋਂ ਵੱਧ ਮਹੱਤਵ ਮਿਲਿਆ ਹੈ। ਉਹ ਇਹ ਹੈ ਕਿ ਤਪੋਮੁਖੀ ਪ੍ਰੋਟੈਸਟੈਂਟਵਾਦ ਨੇ ਵਿਸ਼ਵ ਦੇ ਤਾਰਕਿਕੀਕਰਣ (Rationalization) ਨੂੰ ਆਮ ਕਰਕੇ ਅਤੇ ਪੂੰਜੀਵਾਦ ਦੇ ਆਰੰਭ ਨੂੰ ਨਿਸ਼ਚਿਤ ਰੂਪ ਵਿਚ ਪ੍ਰਭਾਵਿਤ ਕੀਤਾ ਹੈ।ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਵੈਬਰ ਨੇ ਯਹੂਦੀ, ਚੀਨੀ ਅਤੇ ਭਾਰਤੀ ਧਰਮਾਂ ਦੇ ਇਤਿਹਾਸਾਂ ਵਿਚੋਂ ਸਮਾਨ ਭਾਂਤ ਦੀਆਂ ਉਦਾਹਰਣਾਂ ਵੀ ਦਿੱਤੀਆਂ। ਵੈਬਰ ਅਨੁਸਾਰ ਕਾਲਵਿਨ ਦੇ ਅਨੁਯਾਈਆਂ ਦੇ ਪੂਰਬ ਨਿਸ਼ਚਿਤਤਾ (Predestination) ਦੇ ਸਿਧਾਂਤ ਨੇ ਪ੍ਰੋਟੈਸਟਟਾਂ ਵਿਚ ਆਮ ਕਰ ਅਤੇ English Puritans ਵਿਚ ਵਿਸ਼ੇਸ਼ ਕਰਕੇ ਆਪਣੀ ਮੁਕਤੀ ਦੀ ਗਹਿਰੀ ਚਿੰਤਾ ਭਰ ਦਿੱਤੀ ਸੀ। ਇਹ ਵਿਸ਼ਵਾਸ਼ ਕਰਦੇ ਹੋਏ ਕਿ ਦੁਨਿਆਵੀ ਖੁਸ਼ਹਾਲੀ ਉਨ੍ਹਾਂ ਦੀ ਚੋਣ ਦੀ ਨਿਸ਼ਾਨੀ ਹੋਵੇਗੀ Puritans ਦੀ ਧਾਰਮਿਕ ਚਿੰਤਾ ਅਤੇ ਦੁਨੀਆਂ ਪ੍ਰਤਿ ਬੇਰੁਖੀ (disenchantment) ਤਾਰਕਿਕੀਕਰਣ ਲਈ ਇਕ ਤਰ੍ਹਾਂ ਦੀ ਅਤਾਰਕਿਕ ਪ੍ਰੇਰਣਾ ਸੀ।

ਵੈਬਰ ਨੇ ਮਨੁੱਖੀ ਕਾਰਜ ਵਿਚ ਅਤਾਰਕਿਕ ਤੱਤਾਂ ਦੇ ਬੁਨਿਆਦੀ ਮਹੱਤਵ ਨੂੰ ਜਰਮਨ ਪਰੰਪਰਾ ਦੀ ਤਰ੍ਹਾਂ ਹੀ ਪ੍ਰਵਾਨ ਕੀਤਾ ਪਰੰਤੂ ਉਹ ਇਨ੍ਹਾਂ ਦੇ ਸਮਾਜਵਾਦੀ ਵਰਨਣ ਤੇ ਹੀ ਸੰਤੁਸ਼ਟ ਨਹੀਂ ਸਨ। Parson's ਦੇ ਵਿਸ਼ਲੇਸ਼ਣ ਅਨੁਸਾਰ ਵੈਬਰ ਨੇ ਘੱਟੋ ਘੱਟ ਮੁੱਢਲੇ ਰੂਪ ਵਿਚ ਇਨ੍ਹਾਂ ਅਤਾਰਕਿਕ ਤੱਤਾਂ ਨੂੰ ਸਮਾਜਿਕ ਕਾਰਜ (Social action) ਦੇ ਆਮ ਸਿਧਾਂਤ ਦੇ ਪ੍ਰਸੰਗ ਵਿਚ ਰੱਖਕੇ ਵੇਖਣ ਦਾ ਯਤਨ ਕੀਤਾ। ਅਜਿਹਾ ਯਤਨ ਉਸ ਨੇ ਆਪਣੇ ਦੋ ਕੇਂਦਰੀ ਸਰੋਕਾਰਾਂ ਰਾਹੀਂ ਕੀਤਾ। ਪਹਿਲਾ ਸੀ ਅਰਥਾਂ ਦੀ ਸਮੱਸਿਆ। ਬੁਰਿਆਈ, ਦੁਖ, ਮੌਤ ਆਦਿ ਮਨੁੱਖੀ ਜੀਵਨ ਦੇ ਅਨਿਖੜ ਅੰਗ ਹਨ ਜਿਨ੍ਹਾਂ ਦਾ ਵਿਗਿਆਨਕ ਵਿਧੀ ਰਾਹੀਂ ਸੰਤੋਖਜਨਕ ਉੱਤਰ ਨਹੀਂ ਲੱਭਿਆ ਜਾ ਸਕਦਾ। ਵੈਬਰ ਦੇ ਕਥਨ ਅਨੁਸਾਰ ਇਨ੍ਹਾਂ ਸਮੱਸਿਆਵਾਂ ਦੇ ਅਰਥਾਂ, ਧਾਰਮਿਕ ਵਿਧੀ ਰਾਹੀਂ ਸੰਤੋਖਜਨਕ ਉੱਤਰ ਨਹੀਂ ਲੱਭਿਆ ਜਾ ਸਕਦਾ। ਵੈਬਰ ਦੇ ਕਥਨ ਅਨੁਸਾਰ ਇਨ੍ਹਾਂ ਸਮੱਸਿਆਵਾਂ ਦੇ ਅਰਥਾਂ, ਧਾਰਮਿਕ ਉੱਤਰ ਨਾ ਕੇਵਲ ਵਿਅਕਤੀਗਤ ਪ੍ਰੇਰਣਾਵਾਂ ਲਈ ਬਹੁਤ ਗਹਿਰਾਈ ਵਾਲੇ ਮਹੱਤਵ ਦੇ ਧਾਰਨੀ ਹਨ ਬਲਕਿ ਲੰਬੇ ਸਮੇਂ ਲਈ ਇਹ ਸਮਾਜਿਕ ਵਿਕਾਸ ਦੇ ਪ੍ਰਮੁੱਖ ਕਾਰਣ ਬਣਦੇ ਹਨ।

ਵੈਬਰ ਦਾ ਦੂਜਾ ਪ੍ਰਮੁੱਖ ਸਰੋਕਾਰ ਜਿਹੜਾ ਅਤਾਰਕਿਕ ਤੱਤਾਂ ਨੂੰ ਸਮਾਜਿਕ ਕਾਰਜ ਦੇ ਆਮ ਸਿਧਾਂਤ ਨਾਲ ਜੋੜਦਾ ਹੈ ਉਹ ਹੈ ਕ੍ਰਿਸ਼ਮੇ ਦਾ ਸਿਧਾਂਤ। ਕ੍ਰਿਸ਼ਮਾ ਮੁੱਖ ਰੂਪ ਵਿਚ ਕਿਸੇ ਵਿਅਕਤੀ ਦੀ ਖੂਬੀ ਹੁੰਦੀ ਹੈ ਜਿਹੜੀ ਉਸ ਨੂੰ ਸਾਧਾਰਣ ਸੰਭਾਵਨਾਵਾਂ ਤੋਂ ਉਚੇਰਾ ਉਠਾ ਕੇ ਨਵੇਂ ਆਦੇਸ਼ ਕਰਨ ਦਾ ਅਧਿਕਾਰ ਦਿੰਦੀ ਹੈ। ਕ੍ਰਿਸ਼ਮਾ ਇਕ ਤਾਰਕਿਕ ਸੰਕਲਪ ਹੈ ਜਿਹੜਾ ਉਸ ਸਮੇਂ ਹੀ ਹੋਂਦ ਵਿਚ ਆਉਂਦਾ ਹੈ ਜਦੋਂ ਸਮੂਹ ਇਸ ਨੂੰ ਪ੍ਰਵਾਨ ਕਰ ਲੈਂਦਾ ਹੈ ਇਹ Charismatica ਵਿਅਕਤੀ ਅਤੇ ਉਸ ਨੂੰ ਮੰਨਣ ਵਾਲਿਆਂ ਦੀ ਮਾਨਸਿਕ ਵਿਵਸਥਾ ਦੀਆਂ ਗਹਿਰੀਆਂ ਪਰਤਾਂ ਨੂੰ ਸਮਾਜਿਕ ਪ੍ਰਕ੍ਰਿਆ ਨਾਲ ਇਸ ਰੂਪ ਵਿਚ ਜੋੜਦਾ ਹੈ ਕਿ ਸਮਾਜਿਕ ਵਿਕਾਸ ਵਿਚ ਮੂਲ ਪਰਿਵਰਤਨ ਦੀਆਂ ਸੰਭਾਵਨਾਵਾਂ ਪੈਦਾ ਕਰ ਸਕੇ ।ਇਸ ਤਰ੍ਹਾਂ ਦੋਵੇਂ ਪ੍ਰਮੁੱਖ ਸਰੋਕਾਰਾਂ ਵਿਚ ਵੈਬਰ ਧਰਮ ਦੀ ਸਮਾਜਿਕ ਕਾਰਜ ਲਈ ਮਹੱਤਤਾ ਨੂੰ ਦ੍ਰਿੜ ਕਰਵਾ ਰਹੇ ਹਨ। ਉਨ੍ਹਾਂ ਅਨੁਸਾਰ ਧਰਮ ਦੀਆਂ ਸ਼ਕਤੀਸ਼ਾਲੀ ਅਤਾਰਕਿਕ ਪ੍ਰੇਰਨਾ ਸ਼ਕਤੀਆਂ ਦਾ ਸਮੂਹਿਕ ਅਮਲ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਅਜਿਹੀਆਂ ਪ੍ਰੇਰਨਾਵਾਂ ਹੀ ਬਹੁਤ ਕਰਕੇ ਸਮਾਜ ਵਿਚੋਂ ਮੂਲੋਂ ਨਵੇਂ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੰਦੀਆਂ ਅਤੇ ਢਾਲਦੀਆਂ ਹਨ।

ਭਾਵੇਂ ਦੁਰਖੇਮ ਅਤੇ ਵੈਬਰ ਸਮਕਾਲੀ ਸਨ ਪ੍ਰੰਤੂ ਧਰਮ ਦੇ ਸਮਾਜ-ਸ਼ਾਸ਼ਤ੍ਰੀ ਅਧਿਐਨ ਵਿਚ ਪਾਏ ਉਨ੍ਹਾਂ ਦੇ ਯੋਗਦਾਨ ਵਿਚ ਉਤਨੇ ਹੀ ਵਖਰੇਵੇਂ ਹਨ ਜਿੰਨੀ ਉਨ੍ਹਾਂ ਦੀ ਮਹਾਨਤਾ ਹੈ। ਦੁਰਖੇਮ ਨੇ ਸਮਾਜਿਕ ਸਥਿਰਤਾ ਵਿਚ ਧਰਮ ਦੇ ਯੋਗਦਾਨ ਨੂੰ ਪਛਾਣਿਆ ਪਰੰਤੂ ਵੈਬਰ ਨੇ ਸਮਾਜਿਕ ਪਰਿਵਰਤਨ ਲਈ ਇਸ ਦੇ ਮਹੱਤਵ ਨੂੰ ਦ੍ਰਿੜ ਕਰਵਾਇਆ ਸੀ। ਦੁਰਖੇਮ ਅਨੁਸਾਰ ਧਾਰਮਿਕ ਵਿਚਾਰਾਂ ਅਤੇ ਸੱਤਾ ਦਾ ਆਰੰਭ ਸਮੂਹਿਕ ਉਭਾਰ ਜਾਂ ਜੋਸ਼ ਤੋਂ ਪੈਦਾ ਹੁੰਦਾ ਹੈ ਜਦੋਂ ਕਿ ਵੈਬਰ ਦੇ ਵਿਚਾਰ ਅਨੁਸਾਰ ਧਾਰਮਿਕ ਵਿਚਾਰਾਂ ਅਤੇ ਸੱਤਾ ਦਾ ਆਰੰਭ ਵਿਅਕਤੀਗਤਾ ਪ੍ਰਵਰਤਕਾਂ ਅਤੇ ਪੈਗੰਬਰਾਂ ਦੇ Charisma ਤੋਂ ਹੁੰਦਾ ਹੈ।ਦੁਰਖੇਮ ਦਾ ਵਿਚਾਰ ਸੀ ਕਿ ਸਮਾਜ ਵਿਗਿਆਨੀ ਵਿਸ਼ਲੇਸ਼ਣ ਸਮਾਜਿਕ ਤੱਥਾਂ ਤੋਂ ਆਰੰਭ ਹੋਇਆ ਪ੍ਰੰਤੂ ਵੈਬਰ ਦੀ ਧਾਰਨਾ ਸੀ ਕਿ ਸਮਾਜਿਕ ਕਾਰਜ ਦੀ ਵਿਆਖਿਆ ਅਖੀਰ ਤੇ ਵਿਅਕਤੀਗਤਾ ਪਾਤਰਾ ਦੀ ਭਾਵਨਾ ਦੀ ਸਮਝ ਤੇ ਆਧਾਰਤ ਹੈ। ਦੁਰਖੇਮ ਨੇ ਸਮਾਜ-ਵਿਗਿਆਨ ਅਤੇ ਦਰਸ਼ਨ ਨੂੰ ਮੁੜ ਜੋੜਨ ਦਾ ਯਤਨ ਕੀਤਾ। ਪਰੰਤੂ ਵੈਬਰ ਇਨ੍ਹਾਂ ਦੇ ਨਖੇੜੇ ਤੇ ਬਲ ਦਿੰਦਾ ਹੈ।

ਪਾਠ ਨੰਬਰ : 2.3 ਲੇਖਕ : ਡਾ. ਦਰਸ਼ਨ ਸਿੰਘ

# ਵਿਲੀਅਮ ਬਰੀਡ ਕਰਿਸਟਨਸਨ (1867–1953) ਅਤੇ ਗੇਰਾਰਡਸ ਵਾਨਡਰ ਲੇਈਓ (1890–1950) ਦੇ ਵਿਸ਼ੇਸ਼ ਹਵਾਲੇ ਸਹਿਤ

## ਭੂਮਿਕਾ :

ਇਸ ਪਾਠ ਵਿਚ ਵਿਲੀਅਮ ਬਰਡ ਕਰਿਸਟਨਸਨ ਅਤੇ ਗੈਰਾਰਡਸ ਵਾਨਡਰ ਲੇਈਓ ਦੇ ਵਿਚਾਰਾਂ ਅਤੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਧਰਮ ਅਧਿਐਨ ਦੇ ਵਿਗਿਆਨਕ ਨੇਮਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਲ ਧਰਮ ਅਤੇ ਸਮਾਜ ਦੇ ਆਪਸੀ ਸੰਬੰਧ ਉਭਰ ਕੇ ਸਾਹਮਣੇ ਆਉਂਦੇ ਹਨ।

ਆਧੁਨਿਕ ਅਰਥਾਂ ਵਿਚ ਧਰਮ ਦਾ ਵਿਗਿਆਨਕ ਅਧਿਐਨ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਸ਼ੁਰੂ ਹੁੰਦਾ ਹੈ ਅਤੇ ਫਰੈਡਰਿਕ ਮੈਕਸ ਮੂਲਰ (1823–1900) ਨੂੰ ਆਮ ਕਰਕੇ ਇਸ ਵਿਸ਼ੇ ਦਾ ਪਿਤਾਮਾ ਮੰਨਿਆ ਜਾਂਦਾ ਹੈ। ਇਹ ਉਹੀ ਸਮਾਂ ਸੀ ਜਦੋਂ ਤਾਰਕਿਕਤਾ (Rationality) ਅਤੇ ਵਿਕਾਸਵਾਦ (Evolutionism) ਦੇ ਅਧਿਐਨ ਦਾ ਸਭ ਖੇਤਰਾਂ ਤੇ ਪ੍ਰਭਾਵ ਸਿਖਰਾਂ ਤੇ ਸੀ। ਅਜਿਹੇ ਬੌਧਿਕ ਅਤੇ ਵਿਗਿਆਨਕ ਮਾਹੌਲ ਦੇ ਧਰਮ ਦੇ ਅਧਿਐਨ ਲਈ ਵੀ ਬਹੁਤ ਦੂਰਵਰਤੀ ਤੇ ਪ੍ਰਭਾਵਕਾਰੀ ਪ੍ਰਭਾਵ ਰਹੇ ਹਨ। ਧਰਮ ਦਰਸ਼ਨ ਸਦਾਚਾਰ ਅਤੇ ਧਰਮ ਸ਼ਾਸ਼ਤਰ ਦੇ ਖੇਤਰਾਂ ਵਿਚ ਪਹਿਲਾਂ ਹੀ ਧਰਮ ਦਾ ਅਧਿਐਨ ਹੋ ਰਿਹਾ ਸੀ। ਹੁਣ ਨਵੀਆਂ ਚੁਣੌਤੀਆਂ ਦੇ ਪ੍ਰਕਾਸ਼ ਵਿਚ ਜਾਤੀ ਵਿਗਿਆਨ (Ethnology), ਮਾਨਵ ਵਿਗਿਆਨ (Anthropology), ਪੁਰਾਤਤਵ ਵਿਗਿਆਨ (Archaeology), ਮਨੋਵਿਗਿਆਨ (Psychology), ਸਮਾਜ ਵਿਗਿਆਨ (Sociology) ਆਦਿ ਦੇ ਵਿਚ ਵੀ ਧਾਰਮਿਕ ਵਿਸ਼ਵਾਸ਼ਾਂ, ਅਮਲਾਂ, ਸੰਸਥਾਵਾਂ ਦਾ ਅਧਿਐਨ ਕੀਤਾ ਜਾਣ ਲੱਗ ਪਿਆ। ਇਸ ਤਰ੍ਹਾਂ ਧਰਮ ਦੇ ਅਧਿਐਨ ਲਈ ਅਨੇਕਾਂ ਪਹੁੰਚ-ਵਿਧੀਆਂ ਅਤੇ ਦ੍ਰਿਸ਼ਟੀਕੋਣ ਸਾਹਮਣੇ ਆਏ। ਪਰਪੰਚ ਵਿਗਿਆਨੀ (Phenomenologucal) ਪਹੁੰਚ ਵਿਧੀ ਵੀ ਅਜਿਹੇ ਯਤਨਾਂ ਵਿਚੋਂ ਇਕ ਸੀ ਪਰੰਤੂ ਇਹ ਆਪਣੇ ਕੁਝ ਵਿਸ਼ੇਸ਼ ਲੱਛਣਾਂ ਕਰਕੇ ਦੂਜੀਆਂ ਪਹੁੰਚ ਵਿਧੀਆਂ ਨਾਲੋਂ ਵਿਲੱਖਣ ਵੀ ਸੀ। ਇਹ ਪਹੁੰਚ ਵਿਧੀ ਵਿਕਾਸਵਾਦੀ ਅਤੇ ਆਦਰਸ਼ਾਤਮਿਕ (Normative) ਦ੍ਰਿਸ਼ਟੀਕੋਣ ਤੋਂ ਪਰ੍ਹਾਂ ਰਹਿ ਕੇ ਤੱਥਾਂ ਦੀ ਮੂਲ-ਭਾਵਨਾ (Intentionality) ਅਨੁਸਾਰ ਉਨ੍ਹਾਂ ਦੇ ਅਰਥਾਂ ਨੂੰ ਸਮਝਣ ਦਾ ਯਤਨ ਕਰਦੀ ਹੈ। ਧਰਮ ਦੇ ਖੇਤਰ ਦਾ ਪਰਪੰਚ ਵਿਗਿਆਨੀ ਨਾ ਤਾਂ ਧਰਮ ਦੇ ਇਤਿਹਾਸ ਦੀ ਵਿਕਾਸ ਪ੍ਰਕਿਰਿਆ ਵਿਚ ਰੁਚਿਤ ਹੁੰਦਾ ਹੈ ਅਤੇ ਨਾ ਹੀ ਧਰਮ ਦੇ ਆਰੰਭ ਬਾਰੇ ਅਤੇ ਨਾ ਹੀ ਦਾਰਸ਼ਨਿਕ ਦੀ ਤਰ੍ਹਾਂ ਧਰਮ ਦੇ ਸੱਚ ਦੇ ਪ੍ਰਸ਼ਨ ਤੇ ਉਸ ਦੇ ਮੂਲ ਮੁਲਾਂਕਣ ਵਿਚ। ਉਹ ਤਾਂ ਧਰਮ ਦੇ ਪਰਪੰਚ ਨੂੰ ਉਸ ਦੀ ਮੂਲ ਭਾਵਨਾ ਦੇ ਅਨੁਰੂਪ ਸਮਝਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਉਹ ਕਿਸੇ ਵੀ ਪ੍ਰਕਾਰ ਦੇ ਘਟਾਓਵਾਦ (reductionism) ਅਤੇ ਮੁੱਲ-ਮੁੱਲਾਕਣ (Value-Judgement) ਤੋਂ ਸੰਕੋਚ ਵਰਤਦਾ ਹੈ।

ਅੰਗਰੇਜ਼ੀ ਭਾਸ਼ਾ ਦੇ ਸ਼ਬਦ Phenomenon (ਪਰਪੰਚ) ਅਤੇ Phenomenology (ਪਰਪੰਚ ਵਿਗਿਆਨ) ਯੂਨਾਨੀ ਭਾਸ਼ਾ ਦੇ Phainomenon ਤੋਂ ਬਣੇ ਹਨ ਜਿਸ ਦਾ ਅਰਥ ਹੁੰਦਾ ਹੈ ਜੋ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਾਂ ਜੋ ਦ੍ਰਿਸ਼ਟੀਗੋਚਰ ਹੈ। ਧਰਮ ਦੇ ਖੇਤਰ ਵਿਚ ਵਿਸ਼ੇਸ਼ ਪਹੁੰਚ ਵਿਧੀ ਦੇ ਰੂਪ ਵਿਚ ਵਰਤੇ ਜਾਣ ਤੋਂ ਪਹਿਲਾਂ ਪਰਪੰਚ ਵਿਗਿਆਨ ਗੈਰ-ਦਾਰਸ਼ਨਿਕ ਦੋਵੇਂ ਤਰ੍ਹਾਂ ਦੇ ਵਿਸ਼ਿਆਂ ਵਿਚ ਵਰਤੋਂ ਵਿਚ ਆਇਆ ਹੈ। ਗੈਰ-ਦਾਰਸ਼ਨਿਕ ਰੂਪ ਵਿਚ ਇਹ ਪ੍ਰਕ੍ਰਿਤੀ ਵਿਗਿਆਨਾਂ (Natural Sciences) ਅਤੇ ਖਾਸ ਕਰਕੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਪ੍ਰਚਲਿਤ ਰਿਹਾ

ਹੈ। ਭੌਤਿਕ ਵਿਗਿਆਨ ਵਿਚ ਇਹ ਵਿਸ਼ਲੇਸ਼ਣ ਦੀ ਵਿਧੀ ਦੇ ਉਲਟ ਵਰਣਨਾਤਮਕ ਵਿਧੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਧਰਮ ਦੇ ਖੇਤਰ ਵਿਚ ਵੀ ਧਰਮ ਦੇ ਵਰਣਨਾਤਮਿਕ, ਵਿਵਸਥਿਤ ਅਤੇ ਤੁਲਨਾਤਮਿਕ ਅਧਿਐਨ ਲਈ ਇਸ ਦੀ ਵਰਤੋਂ ਹੋਈ ਹੈ। ਜਿਸ ਅਨੁਸਾਰ ਵਿਦਵਾਨ ਧਾਰਮਿਕ ਤੱਥਾਂ ਦੀ ਉਹਨਾਂ ਦੇ ਮੂਲ ਪੱਖਾਂ ਦੇ ਪ੍ਰਗਟਾਵੇ ਲਈ ਪ੍ਰਕਾਰ ਵੰਡ ਕਰਦੇ ਹਨ। ਇਨ੍ਹਾਂ ਤੁਲਨਾਤਮਿਕ ਧਰਮ ਦੇ ਅਰਥਾਂ ਵਿਚ ਪਰਪੰਚ-ਵਿਗਿਆਨ ਦਾਰਸ਼ਨਿਕ ਪਰਪੰਚ-ਵਿਗਿਆਨ ਤੋਂ ਸੁਤੰਤਰ ਰੂਪ ਵਿਚ ਹੀ ਵਿਕਸਿਤ ਹੋਇਆ ਹੈ।

ਦਰਸ਼ਨ ਦੇ ਖੇਤਰ ਵਿਚ ਪਰਪੰਚ ਵਿਗਿਆਨ ਸ਼ਬਦ ਸਭ ਤੋਂ ਪਹਿਲਾਂ ਜਰਮਨ ਦਾਰਸ਼ਨਿਕ ਜੌਹਾਨ ਹੈਨਰਿਕ ਲੈਮਬਰਟ (Johan Heinrich Lambert) ਨੇ Nues Organon (1964) ਵਿਚ ਵਰਤਿਆ। ਇਸ ਦਾ ਪਰਪੰਚ ਵਿਗਿਆਨ ਦੇ ਪਿਛਲੇਰੇ ਅਰਥਾਂ ਨਾਲ ਬਹੁਤਾ ਸੰਬੰਧ ਨਹੀਂ ਸੀ। ਲੈਮਬਰਟ ਇਸ ਨੂੰ ਭਰਮ ਦਾ ਸਿਧਾਂਤ (Theory of Illusion) ਦੇ ਅਰਥਾਂ ਵਿਚ ਵਰਤਦਾ ਹੈ।

ਪ੍ਰਸਿੱਧ ਜਰਮਨ ਵਿਦਵਾਨ ਇਮੈਨੂਅਲ ਕਾਂਟ ਨੇ ਅਠਾਰਵੀਂ ਸਦੀ ਦੇ ਪਿਛਲੇਰੇ ਅੱਧ ਵਿਚ Phenomena (ਪਰਪੰਚ) ਦਾ ਕਾਫੀ ਵਿਸ਼ਲੇਸ਼ਣ ਕੀਤਾ। ਜਿਸ ਨੂੰ ਉਹ ਅਨੁਭਵ ਦੀ ਸਮਗਰੀ ਜਾਂ ਮਨ ਦੁਆਰਾ ਨਿਰਮਤ ਦ੍ਰਿਸ਼ਟਮਾਨ ਵਸਤਾਂ ਦੇ ਅਰਥਾਂ ਵਿਚ ਪ੍ਰਵਾਨ ਕਰਦਾ ਹੈ। ਕਾਂਟ ਅਜਿਹੇ Phenomena ਨੂੰ noumena ਅਰਥਾਤ ਮਨ ਤੋਂ ਸੁਤੰਤਰ ਆਪਣੇ ਆਪ ਵਿਚ ਵਸਤਾਂ (Things-in-themselves) ਤੋਂ ਨਿਖੇੜਦਾ ਹੈ ਅਤੇ ਦਾਅਵਾ ਕਰਦਾ ਹੈ ਕਿ Phenomena ਦਾ ਤਾਰਕਿਕ, ਵਿਗਿਆਨਕ ਤੇ ਨਿਰਪੱਖ ਅਧਿਐਨ ਸੰਭਵ ਹੈ। ਇਸ ਤੋਂ ਪਿਛੋਂ ਪ੍ਰਸਿੱਧ ਜਰਮਨ ਦਾਰਸ਼ਨਿਕ ਜੀ. ਡਬਲਿਯੂ. ਐਫ. ਹੀਗਲ ਨੇ ਆਪਣੀ ਪੁਸਤਕ The Phenomenology of Spirit (1807) ਵਿਚ ਵੀ ਇਸ ਦੀ ਵਰਤੋਂ ਕੀਤੀ। ਉਸ ਅਨੁਸਾਰ ਪਰਪੰਚ ਵਿਗਿਆਨ ਇਕ ਅਜਿਹਾ ਵਿਗਿਆਨ ਹੈ ਜਿਸ ਰਾਹੀਂ ਮਨ ਪਰਪੰਚ ਅਤੇ ਪ੍ਰਗਟਾਵਿਆਂ ਦੇ ਅਧਿਐਨ ਰਾਹੀਂ ਰੂਹ ਦੇ ਵਿਕਾਸ ਤੋਂ ਜਾਣੂ ਹੋ ਜਾਂਦਾ ਹੈ ਅਤੇ ਇਸ ਦੇ ਤੱਤ ਰੂਪ ਨੂੰ ਸਮਝ ਲੈਂਦਾ ਹੈ। ਉਨ੍ਹੀਵੀਂ-ਵੀਹਵੀਂ ਸਦੀ ਵਿਚ ਬਹੁਤ ਸਾਰੇ ਦਾਰਸ਼ਨਿਕਾਂ ਨੇ ਕਿਸੇ ਵੀ ਵਿਸ਼ੇ ਦੇ ਵਰਣਨਾਤਮਿਕ ਅਧਿਐਨ ਨੂੰ ਪਰਪੰਚ ਵਿਗਿਆਨ ਦਾ ਨਾਮ ਦਿੱਤਾ। ਵੀਹਵੀਂ ਸਦੀ ਵਿਚ ਦਾਰਸ਼ਨਿਕ ਪਰਪੰਚ ਵਿਗਿਆਨ ਦੀਆਂ ਅਨੇਕਾਂ ਸ਼ਾਖਾਵਾਂ ਬਣ ਗਈਆਂ। ਜਿਸ ਤਰ੍ਹਾਂ ਕਿ ਐਡਮੈਡ ਹੁਸਰਲ ਦਾ ਪਰਾਤਪਰ ਪਰਪੰਚ ਵਿਗਿਆਨ (Transendental Phenomenology) ਜਾਂ ਪਾਲ ਸਾਰਤਰ ਦਾ ਹੋਂਦ ਪਰਕ ਪਰਪੰਚ ਵਿਗਿਆਨ (Existential Phenomenlogy) ਆਦਿ। ਸੰਖੇਪ ਵਿਚ ਦਾਰਸ਼ਨਿਕ ਪਰਪੰਚ ਵਿਗਿਆਨ ਦਾ ਮੁੱਖ ਮਨੋਰਥ ਤਤਕਾਲੀ ਅਨੁਭਵ ਵਿਚ ਪ੍ਰਗਟ (Ohenomena) ਦੀ ਪੜਤਾਲ ਤੇ ਜਾਣਕਾਰੀ ਪ੍ਰਾਪਤ ਕਰਨਾ ਹੈ ਤਾਂ ਕਿ ਪਰਪੰਚ ਵਿਗਿਆਨੀ ਅਜਿਹੇ ਪਰਪੰਚ ਦੀਆਂ ਮੂਲ ਸੰਰਚਨਾਵਾਂ ਦਾ ਵਰਨਣ ਕਰ ਸਕੇ। ਡਗਲਸ ਐਲਨ (Dougles Allen) ਨੇ ਦਾਰਸ਼ਨਿਕ ਪਰਪੰਚ ਵਿਗਿਆਨ ਦੇ ਪੰਜ ਪ੍ਰਮੁੱਖ ਲੱਛਣ ਇਸ ਤਰ੍ਹਾਂ ਗਿਣਾਏ ਹਨ:

1. ਵਰਣਨਾਤਮਿਕ ਸੁਭਾ
2. ਘਟਾਓਵਾਦ ਦਾ ਵਿਰੋਧ
3. ਅੰਤਰੀਵੀ ਭਾਵਨਾ
4. ਨਿੱਜੀ ਰਾਇ ਪ੍ਰਗਟਾਣ ਤੋਂ ਸੰਕੋਚ ਅਤੇ
5. ਤੱਤ ਵਸਤੂਆਂ ਦੀ ਅੰਤਰ ਸੂਝ (Edetic vision or intuition of essences)

ਇਸ ਤਰ੍ਹਾਂ ਵਰਣਨਾਤਮਿਕ ਸੁਭਾ, ਘਟਾਓਵਾਦ ਦਾ ਵਿਰੋਧ ਅਤੇ ਤਾਤਵਿਕ ਸੰਰਚਨਾਵਾਂ ਦੀ ਅੰਤਰ ਸੂਝ ਇਸ ਪਹੁੰਚ ਵਿਧੀ ਦੇ ਪ੍ਰਮੁੱਖ ਲੱਛਣ ਪ੍ਰਵਾਨ ਕੀਤੇ ਗਏ ਹਨ। ਪਰਪੰਚ ਵਿਗਿਆਨ ਦੇ ਅਜਿਹੇ ਕੁਝ ਵਿਸ਼ੇਸ਼ ਲੱਛਣਾਂ ਦਾ ਥੋੜਾ ਹੋਰ ਵਿਸਥਾਰ ਅੱਗੇ ਚਲ ਕੇ ਕਰਾਂਗੇ।

ਐਮਸਟਰਡਮ ਯੂਨੀਵਰਸਿਟੀ ਦੇ ਹਿਸਟਰੀ ਆਫ ਰਿਲੀਜਨ ਦੇ ਪ੍ਰੋਫੈਸਰ ਪੀ.ਡੀ. ਚੈਨਤੇਪਾਈ ਡੀ ਲਾ ਸਾਊਸਾਇ (P.D. Chantepia de la Saussaye) (1848-1920) ਸ਼ਾਇਦ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੂੰ ਧਰਮ ਦੇ ਪਰਪੰਚ ਵਿਗਿਆਨ ਦਾ ਮੋਢੀ ਕਿਹਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਧਰਮ ਦਾ ਪਰਪੰਚ ਵਿਗਿਆਨ ਇਤਿਹਾਸ ਅਤੇ ਦਰਸ਼ਨ ਦੇ ਵਿਚਕਾਰ ਸਥਿਤ ਵਿਸ਼ਾ ਹੈ। ਇਹ ਇਕ ਵਰਣਨਾਤਮਿਕ ਅਤੇ ਤੁਲਨਾਤਮਿਕ ਵਿਸ਼ਾ ਹੈ ਜੋ ਵਿਆਪਕ ਧਾਰਮਿਕ ਪਰਪੰਚ ਨੂੰ ਇਕੱਤਰਿਤ ਤੇ ਵਰਗੀਕ੍ਰਿਤ ਕਰਦਾ ਹੈ। ਉਨ੍ਹਾਂ ਇਹ ਵਰਨਣ ਆਪਣੀ ਪੁਸਤਕ Manual of the Science of Religion ਵਿਚ ਕੀਤਾ ਜੋ ਪਹਿਲੇ ਪਹਿਲ ਜਰਮਨ ਵਿਚ 1887 ਵਿਚ ਪ੍ਰਕਾਸ਼ਿਤ ਹੋਈ। ਆਪਣੀ ਪੁਸਤਕ ਦੇ ਧਰਮ ਦੇ ਪਰਪੰਚ ਵਿਗਿਆਨ ਨਾਲ ਸਬੰਧਤ ਸੰਖੇਪ ਭਾਗ ਵਿਚ ਉਹ ਲਿਖਦੇ ਹਨ "ਧਰਮ ਵਿਗਿਆਨ ਦਾ ਉਦੇਸ਼ ਧਰਮ ਦਾ ਇਸ ਦੇ ਤੱਤ ਰੂਪਾਂ ਅਤੇ ਇਸ ਦੇ ਪ੍ਰਗਟਾਵਿਆਂ ਦਾ ਅਧਿਐਨ ਕਰਨਾ ਹੈ। ਇਹ ਸੁਭਾਵਿਕ ਹੀ ਆਪਣੇ ਆਪ ਨੂੰ ਧਰਮ ਦੀ ਫਿਲਾਸਫੀ ਅਤੇ ਇਤਿਹਾਸ ਵਿਚ ਵੰਡ ਲੈਂਦਾ ਹੈ। ਧਰਮ ਦਾ ਇਤਿਹਾਸ ਫਿਲਾਸਫੀ ਬਿਨਾਂ ਵਿਕਸਿਤ ਨਹੀਂ ਹੋ ਸਕਦਾ। ਧਰਮ ਪਰਪੰਚ ਅਤੇ ਅਨੇਕਾਂ ਰੂਪਾਂ ਨੂੰ ਇਕੱਤਰਿਤ ਕਰਨਾ ਅਤੇ ਉਹਨਾਂ ਦਾ ਵਰਗੀਕਰਨ ਕਰਨਾ ਇਤਿਹਾਸ ਤੋਂ ਧਰਮ-ਦਰਸ਼ਨ ਵੱਲ ਪਰਿਵਰਤਨ ਦਾ ਸੂਚਕ ਹੈ। ਡੱਚ ਇਤਿਹਾਸਕਾਰ C.P.Tiele (1830-1902) ਵੀ ਪਰਪੰਚ ਵਿਗਿਆਨ ਨੂੰ ਧਰਮ ਵਿਗਿਆਨ ਦੇ ਦਾਰਸ਼ਨਿਕ ਹਿੱਸੇ ਦਾ ਪਹਿਲਾ ਪੜਾਅ ਮੰਨਦਾ ਹੈ। ਬਹੁਤ ਸਾਰੇ ਪਰਪੰਚ ਵਿਗਿਆਨੀ ਇਸ ਤੱਥ ਨਾਲ ਸਹਿਮਤ ਹਨ ਕਿ ਧਰਮ ਦੇ ਪਰਪੰਚ ਵਿਗਿਆਨ ਧਾਰਮਿਕ ਪਰਪੰਚ ਨੂੰ ਵਿਵਸਥਿਤ ਰੂਪ ਵਿਚ ਪ੍ਰਸਤੁਤ ਕਰਦਾ ਹੈ। Widengren ਅਨੁਸਾਰ ਧਰਮ ਦੇ ਪਰਪੰਚ ਵਿਗਿਆਨ ਦਾ ਮੁੱਖ ਉਦੇਸ਼ ਧਰਮ ਦੇ ਵਿਆਪਕ ਪਰਪੰਚ ਨੂੰ ਵਿਵਸਥਿਤ ਰੂਪ 'ਚ ਪ੍ਰਸਤੁਤ ਕਰਨਾ ਹੈ। ਇਸ ਤਰ੍ਹਾਂ ਇਹ ਧਰਮਾਂ ਦੇ ਇਤਿਹਾਸ ਦਾ ਪੂਰਕ ਹੈ।

R.Pettazzoni ਅਨੁਸਾਰ ਹੀ ਇਤਿਹਾਸ ਤੇ ਪਰਪੰਚ-ਵਿਗਿਆਨ, ਧਰਮ-ਵਿਗਿਆਨ ਦੇ ਦੋ ਪੂਰਕ ਪੱਖ ਹਨ। ਧਰਮ ਦੇ ਪਰਪੰਚ-ਵਿਗਿਆਨ ਨੇ ਭਾਵੇਂ ਵੀਹਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਜਾ ਕੇ ਧਰਮ ਅਧਿਐਨ ਦੇ ਖੇਤਰ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ ਫਿਰ ਵੀ ਇਹ ਸ਼ੁਰੂ ਵਿਚ ਨੀਦਰਲੈਂਡਜ਼ ਅਤੇ ਸਕੰਡੇਨੇਵੀਅਨ ਦੇਸ਼ਾਂ ਵਿਚ ਹੀ ਸੀਮਤ ਰਿਹਾ ਅਤੇ ਇਸ ਦਾ ਮੁੱਢਲਾ ਵਿਕਾਸ ਇਨ੍ਹਾਂ ਦੇਸ਼ਾਂ ਵਿਚ ਹੀ ਹੋਇਆ ਸੀ। ਧਰਮ ਅਧਿਐਨ ਦੇ ਖੇਤਰ ਵਿਚ ਧਰਮ ਦੇ ਪਰਪੰਚ-ਵਿਗਿਆਨ ਨਾਲ ਪ੍ਰਸਿੱਧ ਡੱਚ ਵਿਦਵਾਨ ਗੈਰਾਰਡਸ ਵਾਨ ਡਰ ਲੇਇਓ ਦਾ ਨਾਮ ਹੀ ਬਹੁਤ ਪ੍ਰਚਲਤ ਹੋ ਗਿਆ ਕਿਉਂਕਿ ਅੰਗਰੇਜ਼ੀ ਭਾਸ਼ਾ ਵਿਚ ਉਸ ਦੀ ਪ੍ਰਸਿੱਧ ਪੁਸਤਕ Religion in Essence and Manifestation ਹੀ ਪ੍ਰਾਪਤ ਸੀ।ਵਾਨ ਡਰ ਲੇਇਓ ਦੇ ਅਧਿਆਪਕ ਵਿਲੀਅਮ ਬਰੈਡ ਕਰਿਸਟਨਸਨ ਦਾ ਧਰਮ ਦੇ ਪਰਪੰਚ-ਵਿਗਿਆਨੀ ਅਧਿਐਨ ਵਿਚ ਯੋਗਦਾਨ ਘਟ ਮਹੱਤਵਪੂਰਨ ਨਹੀਂ ਪਰੰਤੂ ਅੰਗ੍ਰੇਜ਼ੀ ਵਿਚ ਉਸ ਦੀ ਪੁਸਤਕ The Meaning of Religion (1960) ਉਸ ਸਮੇਂ ਪ੍ਰਕਾਸ਼ਤ ਹੋਈ ਜਦੋਂ ਕਿ ਵਾਨ ਡਰ ਲੇਇਓ ਦੀ ਪੁਸਤਕ ਪਹਿਲਾਂ ਹੀ ਇਸ ਖੇਤਰ ਦੀ ਸਨਾਤਨੀ ਰਚਨਾ ਦਾ ਮਾਨ ਹਾਸਲ ਕਰ ਚੁੱਕੀ ਸੀ।ਇਥੇ ਕਰਿਸਟਨਸਨ ਦੇ ਧਰਮ ਦੇ ਪਰਪੰਚ ਵਿਗਿਆਨੀ ਅਧਿਐਨ ਸੰਬੰਧੀ ਵਿਚਾਰਾਂ ਦੀ ਪਹਿਲਾਂ ਵਿਚਾਰ ਕਰਾਂਗੇ।

ਵਿਲੀਅਮ ਬਰੇਡ ਕਰਿਸਟਨਸਨ ਇਕ ਲੂਥਰੀ ਪਾਦਰੀ ਦਾ ਪੁੱਤਰ ਸੀ ਅਤੇ ਉਹ 2 ਜੂਨ 1867 ਈ. ਨੂੰ ਨਾਰਵੇ ਦੇ ਸ਼ਹਿਰ ਕਿਰਿਸਟਿਆਨਸੈਂਡ ਵਿਚ ਪੈਦਾ ਹੋਇਆ। ਪਹਿਲਾਂ ਉਹ ਕਰਿਸਤਾਆਨੀਆਂ

(ਵਰਤਮਾਨ ਓਸਲੋ) ਯੂਨੀਵਰਸਿਟੀ ਵਿਚ ਧਰਮ-ਸ਼ਾਸ਼ਤ੍ਰ (Theology) ਦਾ ਅਧਿਐਨ ਕਰਨ ਲਈ ਗਿਆ ਇਕ ਸਾਲ ਬਾਦ ਉਸ ਨੇ ਭਾਸ਼ਾਵਾਂ ਦਾ ਅਧਿਐਨ ਸ਼ੁਰੂ ਕਰ ਦਿੱਤਾ ਜਿਹੜਾ ਪਿਛੋਂ ਲੀਡਨ (Leiden) ਤੇ ਪੈਰਿਸ ਵੀ ਜਾਰੀ ਰਿਹਾ। ਲਾਤੀਨੀ, ਯੂਨਾਨੀ ਅਤੇ ਹੈਬਰਿਯੂ ਭਾਸ਼ਾਵਾਂ ਤੋਂ ਇਲਾਵਾ ਉਸ ਪਾਰਸੀ ਮਿਸਰੀ, ਅਸੀਰਿਆਈ, ਸੰਸਕ੍ਰਿਤ ਤੇ ਅਵੇਸਤਾ ਭਾਸ਼ਾਵਾਂ ਦਾ ਵੀ ਅਧਿਐਨ ਕੀਤਾ। ਉਸ ਨੇ ਬਰਿਟਿਸ ਮਿਊਜ਼ੀਅਮ ਵਿਚ ਮਿਸਰੀ ਧਰਮਾਂ ਵਿਚ ਮੌਤ ਉਪਰੰਤ ਵਿਚਾਰ ਵਿਸ਼ੇ ਤੇ ਖੋਜ-ਪ੍ਰਬੰਧ ਲਿਖਿਆ। ਪਿਛੋਂ ਉਹ ਪੁਰਾਤਨ ਪਾਰਸੀ ਗ੍ਰੰਥਾਂ ਅਤੇ ਅਵੇਸਤਾ ਪੜ੍ਹਾਉਣ ਲਈ ਕਰਿਸਟਿਆਨੀਆਂ ਵਾਪਸ ਆ ਗਿਆ।

1901 ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਆਪਕ ਪ੍ਰੋਫੈਸਰ ਸੀ. ਪੀ. ਟੀਅਲੇ (1830-1920) ਦੀ ਥਾਂ ਲੀਦਨ ਯੂਨੀਵਰਸਿਟੀ ਵਿਚ ਇਤਿਹਾਸ ਅਤੇ ਪਰਪੰਚ-ਵਿਗਿਆਨ ਦਾ ਪਰਾ-ਅਧਿਆਪਕ ਨਿਯੁਕਤ ਕਰ ਦਿੱਤਾ ਗਿਆ। ਕਰਿਸਟਨਸਨ ਸਾਲ 1937 ਵਿਚ ਰਿਟਾਇਰ ਹੋਣ ਤੱਕ ਇਸੇ ਆਸਾਮੀ ਤੇ ਕੰਮ ਕਰਦੇ ਰਹੇ ਅਤੇ 1953 ਵਿਚ ਉਨ੍ਹਾਂ ਦੀ ਮੌਤ ਸਮੇਂ ਤਕ ਲੀਡਨ ਵਿਚ ਹੀ ਰਹਿ ਕੇ ਪੁਰਾਤਨ ਮਿਸਰੀ ਧਰਮਾਂ ਦੇ ਵੱਖ ਵੱਖ ਪੱਖਾਂ ਤੇ ਖੋਜ-ਪੱਤਰ ਤੇ ਲੇਖ ਪ੍ਰਕਾਸ਼ਤ ਕਰਵਾਉਂਦੇ ਰਹੇ। ਧਰਮ ਦੇ ਪਰਪੰਚ-ਵਿਗਿਆਨ ਦੇ ਖੇਤਰ ਵਿਚ ਉਨ੍ਹਾਂ ਨੇ ਡੱਚ ਭਾਸ਼ਾ ਵਿਚ ਲੇਖ 1960 ਵਿਚ ਜਾਕੇ ਪਹਿਲੀ ਵਾਰ ਅੰਗਰੇਜ਼ੀ ਵਿਚ (The Meaning of Religion) ਨਾਮ ਹੇਠ ਪ੍ਰੋ. ਜਾਹਨ ਬੀ. ਕਾਰਮਨ ਨੇ ਛਪਵਾਏ ਸਨ।

ਆਪਣੀ ਇਸ ਪੁਸਤਕ ਦੀ ਭੂਮਿਕਾ ਵਿਚ ਕਰਿਸਟਨਸਨ ਲਿਖਦੇ ਹਨ ਕਿ ਧਰਮ ਦਾ ਪਰਪੰਚ-ਵਿਗਿਆਨ ਧਰਮ ਦੇ ਇਤਿਹਾਸ ਦੀ ਪ੍ਰਬੰਧ ਰੂਪ ਵਿਚ ਵਿਆਖਿਆ ਹੈ। ਇਸ ਦਾ ਕਾਰਜ ਵਿਆਪਕ ਧਾਰਮਿਕ ਪਰਪੰਚ ਨੂੰ ਇਸ ਰੂਪ ਵਿਚ ਵਿਵਸਥਿਤ ਤੇ ਵਰਗੀਕ੍ਰਿਤ ਕਰਨਾ ਹੈ ਕਿ ਉਸ ਦੇ ਸਮੁੱਚੇ ਧਾਰਮਿਕ ਅਰਥ ਅਤੇ ਮੁੱਲ ਜਾਣੇ ਜਾ ਸਕਣ। ਇਹ ਸਮੁੱਚੇ ਅਰਥ ਧਰਮ ਦਾ ਸਾਰ ਰੂਪ ਇਤਿਹਾਸ ਨਹੀਂ ਬਲਕਿ ਤੱਥਾਂ ਦਾ ਵਿਵਸਥਿਤ ਸਰਵੇਖਣ ਹੀ ਹੁੰਦਾ ਹੈ। ਧਰਮ ਦਾ ਇਤਿਹਾਸ ਕੇਵਲ ਵਿਲੱਖਣ ਤੇ ਵਿਸ਼ੇਸ਼ ਦੀ ਵਿਚਾਰ ਲਈ ਰਾਹ ਖੋਲਦਾ ਹੈ ਅਤੇ ਸਮੁੱਚਾ ਵਿਚਾਰ ਜੋ ਇਹ ਪੇਸ਼ ਕਰਦਾ ਹੈ ਜਿਸ ਨੂੰ ਧਰਮ ਦਾ ਇਤਿਹਾਸ ਆਖਦੇ ਹਾਂ ਵਿਵਸਥਿਤ ਤੇ ਤੁਲਨਾਤਮਿਕ ਨਹੀਂ ਹੁੰਦਾ। ਧਰਮ ਦਾ ਪਰੰਪਚ-ਵਿਗਿਆਨ ਅਜਿਹਾ ਵਿਵਸਥਿਤ ਰੂਪ ਪੇਸ਼ ਕਰਨ ਦਾ ਯਤਨ ਹੁੰਦਾ ਹੈ।

ਕਰਿਸਟਨਸਨ ਵਿਆਖਿਆਤਮਕ (Descriptive) ਪਰਪੰਚ ਵਿਗਿਆਨ ਦਾ ਪ੍ਰਤੀਨਿਧ ਲਿਖਾਰੀ ਹੈ ਅਤੇ ਉਹ ਵਿਕਾਸਵਾਦੀ ਸਿਧਾਂਤ ਦਾ ਵਿਰੋਧੀ ਹੈ। ਉਸ ਅਨੁਸਾਰ ਧਰਮ ਦਾ ਪਰਪੰਚ ਵਿਗਿਆਨ ਨਾ ਤਾਂ ਵਿਕਾਸਵਾਦੀ ਸਿਧਾਂਤ ਨੂੰ ਪ੍ਰਵਾਨ ਕਰ ਸਕਦਾ ਹੈ ਅਤੇ ਨਾ ਹੀ ਆਦਰਸ਼ਾਤਮਿਕ (Normative) ਮਾਪ-ਦੰਡਾਂ ਨੂੰ। ਉਹ ਤਾਂ ਧਾਰਮਿਕ ਪਰਪੰਚ ਅਤੇ ਤੱਥਾਂ ਤੋਂ ਹੀ ਉਨ੍ਹਾਂ ਦੇ ਅਰਥ ਜਾਨਣ ਦਾ ਯਤਨ ਕਰਦਾ ਹੈ। ਅਜਿਹਾ ਯਤਨ ਕਿਸੇ ਪੂਰਵ ਨਿਰਧਾਰਤ ਬਾਹਰੀ ਸਿਧਾਂਤਾਂ ਦਾ ਪਾਲਨ ਨਹੀਂ ਕਰਦਾ ਬਲਕਿ ਅਜਿਹੀ ਵਿਧੀ ਅਪਣਾਉਂਦਾ ਹੈ ਕਿ ਤੱਥ ਆਪਣੇ ਅਰਥ ਆਪ ਹੀ ਪ੍ਰਗਟ ਕਰਨ। ਕਿਰਿਸਟਨਸਨ ਇਨ੍ਹਾਂ ਅਰਥਾਂ ਵਿਚ ਪਰਪੰਚ-ਵਿਗਿਆਨ ਨੂੰ ਕਿਸੇ ਸਿਧਾਂਤ ਨਾਲੋਂ ਕਲਾ ਦੇ ਵੱਧ ਨੇੜੇ ਮੰਨਦਾ ਹੈ। ਧਾਰਮਿਕ ਤੱਥਾਂ ਦੇ ਤੱਥਾਂ ਰਾਹੀਂ ਹੀ ਅਰਥ ਜਾਨਣ ਦੀ ਪ੍ਰਕ੍ਰਿਆ ਰਾਹੀਂ ਕਰਿਸਟਨਸਨ ਕਿਸੇ ਵੀ ਤਰ੍ਹਾਂ ਦੇ ਘਟਾਓਵਾਦ (Reductionism) ਨੂੰ ਧਾਰਮਿਕ ਤੱਥਾਂ ਤੇ ਤੱਥਾਂ ਦੇ ਅਰਥ ਤੇ ਭਾਵਨਾਵਾਂ ਦਾ ਘੋਰ ਨਿਰਾਦਰ ਮੰਨਦਾ ਹੈ। ਇਹ ਕਿਸੇ ਪੂਰਵ-ਨਿਰਧਾਰਿਤ ਦ੍ਰਿਸ਼ਟੀਕੋਣ ਰਾਹੀਂ ਧਾਰਮਿਕ ਤੱਥਾਂ ਦੀ ਵਿਆਖਿਆ ਉਨ੍ਹਾਂ ਦੇ ਅਰਥਾਂ ਦੇ ਅਨਰਥ ਕਰਨ ਤੋਂ ਵਧ ਕੁਝ ਵੀ ਨਹੀਂ ਹੁੰਦੀ : ਕਰਿਸਟਨਸਨ ਅਜਿਹਾ ਵਿਚਾਰ ਤੱਥਾਂ ਨਾਲ ਜੁੜੀ ਮੂਲ ਧਾਰਮਿਕ ਭਾਵਨਾ (Intentionality) ਦੇ ਸਤਿਕਾਰ ਦਾ ਸੂਚਕ ਹੈ। ਉਨ੍ਹਾਂ ਅਨੁਸਾਰ ਕਿਸੇ ਧਰਮ ਦੇ ਅਨੁਯਾਈ ਆਪਣੇ ਧਰਮਾਂ ਦੇ ਜੋ ਅਰਥ ਦਸਦੇ ਹਨ ਉਨ੍ਹਾਂ

ਨੂੰ ਵਧ ਮਹੱਤਵ ਦੇਣਾ ਚਾਹੀਦਾ ਹੈ। ਕਰਿਸਟਨਸਨ ਪਰਪੰਚ-ਵਿਗਿਆਨ ਨੂੰ ਵਿਵਸਥਿਤ ਅਤੇ ਤੁਲਨਾਤਮਿਕ ਵਿਧੀ ਪ੍ਰਵਾਨ ਕਰਦਾ ਹੈ। ਤੁਲਨਾਤਮਿਕ ਸ਼ਬਦ ਕਰਿਸਟਨਸਨ ਦੀ ਧਰਮ ਅਧਿਐਨ ਦੀ ਵਿਧੀ ਵਿਚ ਕਿਸੇ ਇਕ ਧਰਮ ਦੀ ਦੂਜੇ ਧਰਮ ਦੇ ਟਾਕਰੇ ਤੇ ਮੁਲ-ਮੁਲਾਂਕਣ (Value-judgement) ਉਸੇ ਤਰ੍ਹਾਂ ਕਿਸੇ ਧਾਰਮਿਕ ਤੱਥ ਦੇ ਸਹੀ ਅਰਥਾਂ ਨੂੰ ਜਾਣਨ ਵਿਚ ਰੁਕਾਵਟ ਹੁੰਦਾ ਹੈ ਜਿਸ ਤਰ੍ਹਾਂ ਕਿ ਕਿਸੇ ਪੂਰਵ ਨਿਰਧਾਰਤ ਸਿਧਾਂਤ ਦੇ ਪ੍ਰਕਾਸ਼ ਵਿਚ ਤੱਥਾਂ ਦੀ ਵਿਆਖਿਆ।

ਪਰਪੰਚ-ਵਿਗਿਆਨੀ ਧਰਮਾਂ ਦੇ ਤੱਥਾਂ ਨੂੰ ਪਹਿਲਾਂ ਇਸ ਤਰ੍ਹਾਂ ਸਿਲਸਿਲੇਵਾਰ ਰੂਪ ਵਿਚ ਵਰਗੀਕ੍ਰਿਤ ਕਰਦਾ ਹੈ ਕਿ ਇਕ ਭਾਂਤ ਦੇ ਤੱਥਾਂ ਨੂੰ ਇਕ ਵਰਗ ਵਿਚ ਰੱਖਿਆ ਜਾ ਸਕੇ ਜਿਵੇਂ ਕਿ ਕੁਰਬਾਨੀ, ਪੂਜਾ, ਧਰਮ-ਪ੍ਰਵਰਤਕ, ਆਦਿ। ਫਿਰ ਇਨ੍ਹਾਂ ਵੱਖਰੇ ਵੱਖਰੇ ਵਰਗਾਂ ਦੇ ਵੱਖਰੇ-ਵੱਖਰੇ ਧਰਮਾਂ ਦੇ ਤੱਥਾਂ ਦੀ ਭਾਵਨਾ ਦੇ ਅਨੁਰੂਪ ਉਨ੍ਹਾਂ ਦੇ ਆਮ ਅਰਥ ਗ੍ਰਹਿਣ ਕਰਦਾ ਹੈ। ਆਮ ਅਰਥਾਂ ਨੂੰ ਗ੍ਰਹਿਣ ਦੀ ਪ੍ਰਕਿਰਿਆ ਵਿਚ ਉਹ ਆਪਣੀ ਨਿਜੀ ਰਾਏ ਪ੍ਰਗਟਾਣ ਤੋਂ ਸੰਕੋਚ ਵਰਤਦਾ ਹੈ ਅਤੇ ਹਮਦਰਦੀ ਪੂਰਨ ਅੰਤਰ ਸੂਝ (intuition) ਰਾਹੀਂ ਵਿਸ਼ੇਸ਼ ਵਰਗ, ਪੱਖ ਦੇ ਆਮ ਅਰਥਾਂ ਤਕ ਪੁੱਜਣ ਦਾ ਯਤਨ ਕਰਦਾ ਹੈ। ਜਦੋਂ ਉਸ ਨੂੰ ਆਮ ਅਰਥਾਂ ਦਾ ਕੁਝ ਬੋਧ ਹੋ ਜਾਂਦਾ ਹੈ ਤਾਂ ਉਨ੍ਹਾਂ ਅਰਥਾਂ ਦੇ ਪ੍ਰਕਾਸ਼ ਵਿਚ ਕਿਸੇ ਧਰਮ-ਵਿਸ਼ੇਸ਼ ਦੇ ਉਸੇ ਵਰਗ ਦੇ ਅਰਥਾਂ ਨੂੰ ਸਮਝਣ ਦਾ ਯਤਨ ਕਰਦਾ ਹੈ, ਕਰਿਸਟਨਸਨ ਦਾ ਵਿਚਾਰ ਹੈ ਕਿ ਅਜਿਹੀ ਪ੍ਰਕਿਰਿਆ ਰਾਹੀਂ ਅਸੀਂ ਧਾਰਮਿਕ ਤੱਥਾਂ ਦੇ ਭਾਵੇਂ ਅਸਲੀ ਅਰਥਪੂਰਨ ਰੂਪ ਵਿੱਚ ਨਾ ਵੀ ਜਾਣ ਸਕੀਏ, ਫਿਰ ਵੀ ਮੂਲ ਅਰਥਾਂ ਦੇ ਕਾਫੀ ਨੇੜੇ ਪਹੁੰਚ ਸਕਦੇ ਹਾਂ। ਕਰਿਸਟਨਸਨ ਦਾ ਵਿਚਾਰ ਹੈ ਕਿ ਇਤਿਹਾਸਕ ਪੱਖੋਂ ਸਾਂਝ ਵਾਲੇ ਧਰਮਾਂ ਦਾ ਇਸ ਪਹੁੰਚ-ਵਿਧੀ ਰਾਹੀਂ ਹੋਰ ਵੀ ਵੱਧ ਸਫਲਤਾ ਪੂਰਵਕ ਅਧਿਐਨ ਕੀਤਾ ਜਾ ਸਕਦਾ ਹੈ। ਕਰਿਸਟਨਸਨ ਨੇ ਆਪ ਵੀ ਮਿਸਰ ਦੇ ਧਰਮ ਦਾ ਇਸ ਨਾਲ ਇਤਿਹਾਸਕ ਸਾਂਝ ਵਾਲੇ ਧਰਮਾਂ ਨਾਲ ਤੁਲਨਾ ਰਾਹੀਂ ਅਧਿਐਨ ਕੀਤਾ।

ਉਪਰੋਕਤ ਸੰਖੇਪ ਵਿਚਾਰ ਤੋਂ ਦੇਖ ਸਕਦੇ ਹਾਂ ਕਿ ਕਰਿਸਟਨਸਨ ਪਰਪੰਚ-ਵਿਗਿਆਨ ਨੂੰ ਵਰਣਾਤਮਿਕ, ਤੁਲਨਾਤਮਿਕ ਵਿਗਿਆਨ ਮੰਨਦਾ ਹੈ ਅਤੇ ਘਟਾਓਵਾਦ ਅਤੇ ਮੁੱਖ-ਮੁਲਾਂਕਣ ਦਾ ਵਿਰੋਧ ਕਰਦੇ ਤੱਥਾਂ ਨੂੰ ਉਨ੍ਹਾਂ ਦੀ ਮੂਲ ਭਾਵਨਾ ਦੇ ਅਨੁਰੂਪ ਹਮਦਰਦੀ ਭਰੀ ਵਿਚਾਰ ਅਤੇ ਅੰਤਰ-ਸੂਝ ਰਾਹੀਂ ਜਾਣਨ ਦਾ ਸਮਰਥਨ ਕਰਦਾ ਹੈ।

ਗੇਰਾਰਡਸ ਵਾਨ ਡਰ ਲੇਇਓ ਭਾਵੇਂ ਕਰਿਸਟਨਸਨ ਦਾ ਵਿਦਿਆਰਥੀ ਸੀ ਫਿਰ ਵੀ ਉਸ ਦੀ ਪਰਪੰਚ-ਵਿਗਿਆਨੀ ਪਹੁੰਚ-ਵਿਧੀ ਵਿਚ ਉਹ ਆਪਣੇ ਅਧਿਆਪਕ ਦੀ ਨਿਰੋਲ ਵਰਣਨਾਤਮਿਕ ਵਿਧੀ ਤੋਂ ਕਿਤੇ ਦੂਰ ਚਲਾ ਗਿਆ। ਉਹ ਆਪਣੀ ਪਹੁੰਚ-ਵਿਧੀ ਵਿਚ ਦਾਰਸ਼ਨਿਕ ਪਰਪੰਚ-ਵਿਗਿਆਨ ਤੋਂ ਬਹੁਤ ਹਦ ਤੱਕ ਪ੍ਰਭਾਵਿਤ ਸੀ। ਸਮੀਖਿਆਕਾਰਾਂ ਨੇ ਮਨੋਵਿਗਿਆਨ ਅਤੇ ਧਰਮ-ਸ਼ਾਸ਼ਤਰ ਦੇ ਪ੍ਰਭਾਵਾਂ ਦਾ ਵੀ ਉਸ ਦੀ ਪਹੁੰਚ-ਵਿਧੀ ਤੇ ਬਹੁਤ ਜ਼ਿਆਦਾ ਮਾਤਰਾ ਵਿਚ ਪ੍ਰਭਾਵ ਪ੍ਰਵਾਨ ਕੀਤਾ ਹੈ। ਤੱਥ ਜਾਂ ਪਰਪੰਚ ਦੇ ਅਰਥਾਂ ਅਤੇ ਸੰਰਚਨਾਵਾਂ ਦੇ ਗਿਆਨ ਲਈ ਉਸ ਨੇ ਕਾਫੀ ਤਕਨੀਕੀ ਤਰ੍ਹਾਂ ਦੀ ਖੋਜ-ਵਿਧੀ ਸੁਝਾਈ ਜੋ ਕਿ ਉਸ ਦੇ ਨਿੱਜੀ ਵਿਸ਼ਵਾਸ਼, ਇਸਾਈ ਧਰਮ-ਸ਼ਾਸ਼ਤਰ ਤੋਂ ਬਹੁਤ ਪ੍ਰਭਾਵਿਤ ਸੀ। ਮੁਲ-ਮੁਲੰਕਣ ਤੋਂ ਸੰਕੋਚ ਦਾ ਪਰਪੰਚ-ਵਿਗਿਆਨੀ ਸਿਧਾਂਤ ਵੀ ਉਸ ਦੀ ਖੋਜ -ਵਿਧੀ ਵਿਚ ਕਾਫੀ ਹੱਦ ਤਕ ਨਕਾਰਿਆ ਗਿਆ ਲਗਦਾ ਹੈ। ਫਿਰ ਵੀ ਜਿਸ ਤਰ੍ਹਾਂ ਕਿ ਅਸੀਂ ਉਤੇ ਦਸ ਆਏ ਹਾਂ ਧਰਮ ਦੇ ਖੇਤਰ ਵਿਚ ਪਰਪੰਚ-ਵਿਗਿਆਨ ਮੁੱਖ ਰੂਪ ਵਿਚ ਵਾਨ ਡਰ ਲੇਇਓ ਦੇ ਨਾਮ ਨਾਲ ਹੀ ਜੋੜਿਆ ਹੋਇਆ ਹੈ। ਐਰਿਕ ਜੇ. ਸਰਾਪੇ ਆਪਣੀ ਪੁਸਤਕ Comparative Religion ਵਿਚ ਲਿਖਦੇ ਹਨ ਕਿ 1925 ਅਤੇ 1950 ਦੇ ਵਿਚਕਾਰ ਧਰਮ ਦਾ ਪਰਪੰਚ-ਵਿਗਿਆਨ ਲਗਭਗ ਪੂਰਣ ਰੂਪ ਵਿਚ ਡਚ ਵਿਦਵਾਨ ਗੇਰਾਰਡਸ ਵਾਨ ਡਰ ਲੇਇਓ ਅਤੇ ਉਸ ਦੀ ਪੁਸਤਕ Religion in Essence and Manifestation (1938) ਨਾਲ ਜੁੜਿਆ ਹੈ।

ਗੇਰਾਰਡਸ ਵਾਨ ਡਰ ਲੇਇਓ 1890 ਵਿਚ ਹੇਗ ਵਿਚ ਪੈਦਾ ਹੋਏ ਅਤੇ ਵੱਡੇ ਹੋਏ। ਸਾਲ 1908 ਤੋਂ 1931 ਤੱਕ ਉਨ੍ਹਾਂ ਨੇ ਲੀਡਨ ਵਿਚ ਧਰਮ ਸ਼ਾਸ਼ਤਰ ਅਤੇ ਧਰਮਾਂ ਦੇ ਇਤਿਹਾਸ ਵਿਸ਼ਿਆਂ ਦਾ ਅਧਿਐਨ ਕੀਤਾ। ਕਰਿਸਟਨਸਨ ਉਨ੍ਹਾਂ ਦੇ ਮੁੱਖ ਅਧਿਆਪਕ ਸਨ। P.D. Chentepie de la Saussaye ਜੋ ਕਿ ਅਮੈਸਟਰਡਮ ਯੂਨੀਵਰਸਿਟੀ ਵਿਚ ਪ੍ਰੋਫੈਸਰ ਸਨ ਇਸ ਫੈਕਲਟੀ ਦੇ ਵੀ ਮੈਂਬਰ ਸਨ। ਉਨ੍ਹਾਂ ਨੇ ਨੌਜਵਾਨ ਵਾਨ ਡਰ ਲੇਇਓ ਨੂੰ ਕਾਫੀ ਪ੍ਰੇਰਿਤ ਕੀਤਾ ਵਾਨ ਡਰ ਲੇਇਓ ਨੇ ਪੁਰਾਤਨ ਮਿਸਰੀ ਧਰਮਾਂ ਵਿਚ ਵਿਸ਼ੇਸ਼ਗਤਾ ਪ੍ਰਾਪਤ ਕੀਤੀ। ਸਾਲ 1913-14 ਵਿਚ ਉਹ ਇਕ ਸਾਲ ਲਈ ਜਰਮਨੀ ਵਿਚ ਬਰਲਿਨ ਅਤੇ ਗੋਟਿੰਜ਼ਨ (Gottingon) ਯੂਨੀਵਰਸਿਟੀ ਵਿਚ ਵੀ ਪੜ੍ਹੇ। ਸਾਲ 1916 ਵਿਚ ਉਨ੍ਹਾਂ ਲੀਡਨ (Leiden) ਯੂਨੀਵਰਸਿਟੀ ਤੋਂ ਡਾਕਟਰੇਟ ਦੀ ਉਪਾਧੀ ਪ੍ਰਾਪਤ ਕੀਤੀ ਅਤੇ ਇਸ ਤੋਂ ਉਪਰੋਕਤ ਦੋ ਸਾਲ ਤਕ ਡਚ ਰਿਫਾਰਮਡ ਚਰਚ (Dutch Reformed Church) ਵਿਚ ਪਾਦਰੀ ਵਜੋਂ ਕੰਮ ਕੀਤਾ।ਸਾਲ 1928 ਵਿਚ ਉਨ੍ਹਾਂ ਨੂੰ ਗਰੋਨਿਜਨ (Groningen) ਯੂਨੀਵਰਸਿਟੀ 'ਚ ਧਰਮਾਂ ਦੇ ਇਤਿਹਾਸ ਅਤੇ ਧਰਮ ਦੇ ਪਰਪੰਚ-ਵਿਗਿਆਨ ਦੇ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਗਿਆ। ਸਾਲ 1945-46 ਵਿਚ ਉਹ ਆਪਣੇ ਦੇਸ਼ ਦੇ ਵਿਦਿਆ, ਕਲਾਵਾਂ ਅਤੇ ਵਿਗਿਆਨਾਂ ਦੇ ਮੰਤਰੀ ਵੀ ਰਹੇ। 1950 ਵਿਚ ਹੀ Utercht ਵਿਚ ਉਨ੍ਹਾਂ ਦੀ ਮੌਤ ਹੋ ਗਈ।

ਵਾਨ ਡਰ ਲੇਇਓ ਨੇ ਧਰਮਾਂ ਦੇ ਇਤਿਹਾਸ, ਧਰਮ-ਸ਼ਾਸ਼ਤਰ, ਧਰਮ ਦੇ ਪਰਪੰਚ-ਵਿਗਿਆਨ ਆਦਿ ਦੇ ਖੇਤਰਾਂ ਵਿਚ ਅਨੇਕਾਂ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਦੀਆਂ ਪੁਸਤਕਾਂ ਦੀ ਕੁਲ ਗਿਣਤੀ 650 ਤੋਂ ਵੀ ਵੱਧ ਹੈ।ਇਸ ਤੋਂ ਇਲਾਵਾ ਸਾਹਿਤ ਕਲਾ, ਸੰਗੀਤ, ਸਭਿਆਚਾਰਕ ਆਦਿ ਵਿਸ਼ਿਆਂ ਵਿਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ। ਫਿਰ ਵੀ ਵਾਨ ਡਰ ਲੇਇਓ ਦਾ ਮੁੱਖ ਯੋਗਦਾਨ ਧਾਰਮਿਕ ਤੱਥਾਂ ਤੇ ਧਰਮ ਦੇ ਪਰਪੰਚ ਦਾ ਪਰਪੰਚ-ਵਿਗਿਆਨੀ ਅਧਿਐਨ ਹੀ ਸੀ। ਵਿਸ਼ੇਸ਼ ਭਾਂਤ ਦੀ ਧਾਰਮਿਕ ਦ੍ਰਿਸ਼ਟੀ ਦਾ ਪਾਲਨ ਕਰਦਿਆਂ ਉਹ ਧਰਮ ਦੇ ਖੇਤਰ ਵਿਚ ਮਿਲਦੇ ਵਿਆਪਕ ਧਾਰਮਿਕ ਪਰਪੰਚ ਦੇ ਅਰਥਾਂ ਅਤੇ ਸੰਰਚਨਾਵਾਂ ਨੂੰ ਸਮਝਣ ਲਈ ਯਤਨਸ਼ੀਲ ਸਨ। ਆਪਣੀ ਇਸ ਪਹੁੰਚ-ਵਿਧੀ ਵਿਚ ਵਾਨ ਡਰ ਲੇਇਓ ਨੇ ਉਸ ਸਮੇਂ ਪ੍ਰਚਲਿਤ ਕੁਝ ਇਕ-ਪੱਖੀ ਧਰਮ-ਸ਼ਾਸ਼ਤਰੀ ਵਿਆਖਿਆ ਵਿਧੀਆਂ, ਸਮੀਖਿਆ ਵਿਧੀਆਂ ਦਾ ਨਿਰਾਕਰਣ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਧਾਰਮਿਕ ਤੱਥਾਂ ਦੇ ਅਰਥਾਂ ਨੂੰ ਜਾਨਣ ਲਈ ਨਵੀਂ ਤਰ੍ਹਾਂ ਦੀ ਖੋਜ ਦਾ ਰਾਹ ਖੋਲਿਆ। ਉਨ੍ਹਾਂ ਦੀ ਆਪਣੀ ਪਹੁੰਚ-ਵਿਧੀ ਜਿਸ ਤਰ੍ਹਾਂ ਕਿ ਪਹਿਲਾਂ ਦਸ ਚੁੱਕੇ ਹਾਂ ਮਨੋਵਿਗਿਆਨੀ ਝੁਕਾਵਾਂ ਅਤੇ ਧਰਮ ਸ਼ਾਸ਼ਤਰੀ ਵਿਸ਼ੇ ਤੋਂ ਪ੍ਰਭਾਵਿਤ ਸੀ। ਜਰਮਨ ਫਿਲਾਸਫਰ Wilhelm Dilthey ਦਾ ਉਨ੍ਹਾਂ ਦੀਆ ਰਚਨਾਵਾਂ ਤੇ ਗਹਿਰਾ ਪ੍ਰਭਾਵ ਹੈ। ਉਨ੍ਹਾਂ ਦੀ ਖੋਜ-ਵਿਧੀ ਨੂੰ ਮਨੋਵਿਗਿਆਨਕ ਵੀ ਆਖ ਲਿਆ ਜਾਵੇ ਉਹ ਧਰਮ ਦੇ ਖੇਤਰ ਵਿਚ ਵਿਆਖਿਆ Explanation ਨਾਲ ਸਮਝ Understanding ਨੂੰ ਹੀ ਪਹਿਲ ਦਿੰਦੇ ਹਨ। ਇਸ ਤਰ੍ਹਾਂ ਖੋਜਾਰਥੀ ਧਾਰਮਿਕ ਪਰਪੰਚ ਨੂੰ ਆਪਣੇ ਅੰਦਰ ਧਾਰਨ ਕਰਕੇ ਉਸ ਦਾ ਅੰਤਰ-ਦ੍ਰਿਸ਼ਟੀ ਜਾਂ ਅੰਤਰ-ਧਿਆਨ ਰਾਹੀਂ ਕੁਝ ਅਨੁਭਵ ਕਰੇ ਅਤੇ ਅਜਿਹੇ ਅਨੁਭਵ ਸਮੇਂ ਉਹ ਕਿਸੇ ਵੀ ਜਾਤੀ ਰਾਇ ਨੂੰ ਪਰ੍ਹਾਂ ਰੱਖ ਕੇ ਪਿਆਰ ਹਮਦਰਦੀ ਸਹਿਤ ਪਰਪੰਚ ਦੀ ਮੂਲ ਭਾਵਨਾ ਅਨੁਸਾਰ ਉਸ ਦੇ ਅਰਥਾਂ ਤਕ ਪੁੱਜਣ ਦਾ ਯਤਨ ਕਰੇ। ਵਾਨ ਡਰ ਲੇਇਓ ਅਨੁਸਾਰ ਸਾਰੀ ਸਮਝ ਆਤਮ ਸਮਰਪਿਤ ਪਿਆਰ ਤੇ ਨਿਰਭਰ ਹੁੰਦੀ ਹੈ।

ਆਪਣੀ ਪੁਸਤਕ Religion in Essence and Manifestation ਦੇ ਅਖੀਰ ਤੇ ਉਹ ਆਪਣੀ ਖੋਜ-ਵਿਧੀ ਦੇ ਹੱਦਾਂ ਬੰਨੇ ਦੇ ਅਧਿਆਵਾਂ Phenomenon ਅਤੇ Phenomenology ਅਤੇ ( Phenomenology of Religion) ਵਿਚ ਕਰਦਾ ਹੈ ਜਿਸ ਵਿਚ ਉਹ ਪਰਪੰਚ ਦੀ ਮੂਲ ਭਾਵਨਾ ਦਾ ਸਤਿਕਾਰ ਅਤੇ ਦ੍ਰਿਸ਼ਟਮਾਨ ਦੇ ਵਰਨਣ ਦੀ ਗੱਲ ਕਰਦਾ ਹੈ। ਆਪਣੇ ਇਨ੍ਹਾਂ ਲੇਖਾਂ ਵਿਚ ਹੀ ਵਾਨ ਡਰ ਲੇਇਓ ਨੇ ਆਪਣੀ ਖੋਜ-ਵਿਧੀ ਦੀ ਪ੍ਰਕ੍ਰਿਆ ਦੇ ਪੰਜ ਪੜਾਵਾਂ ਦਾ ਵੇਰਵਾ ਇਸ

ਤਰ੍ਹਾਂ ਦਿੱਤਾ ਹੈ :

1. ਪਰਪੰਚ ਨੂੰ ਵਰਗੀਕ੍ਰਿਤ ਕਰਕੇ ਉਸ ਦਾ ਨਾਮਕਰਨ ਕਰਨਾ ਜਿਵੇਂ ਕਿ ਕੁਰਬਾਨੀ, ਅਰਦਾਸ, ਰਖਿਅਕ, ਮਿਥ, ਆਦਿ।
2. ਪਰਪੰਚ ਦੇ ਅਨੁਭਵ ਨੂੰ ਆਪਣੇ ਜੀਵਨ ਵਿਚ ਧਾਰਨਾ ਅਤੇ ਉਸ ਦਾ ਵਿਸਤਰਿਤ ਪੁਨਰ-ਅਨੁਭਵ ਕਰਨਾ।
3. ਨਿੱਜੀ ਰਾਇ ਪ੍ਰਗਟਾਉਣ ਤੋਂ ਸੰਜਮ ਵਰਤਣਾ ਅਤੇ ਪਿਆਰ ਸਹਿਤ ਦੂਰ ਰਹਿ ਕੇ ਨਿਰੀਖਣ ਕਰਨਾ।
4. ਸਪਸ਼ਟਤਾ ਸਹਿਤ ਸਮਝ ਪ੍ਰਾਪਤ ਕਰਨੀ।
5. ਬੇਤਰਤੀਬੀ ਅਸਲੀਅਤ ਦਾ ਸਾਹਮਣਾ ਕਰਨਾ ਅਤੇ ਜੋ ਕੁਝ ਸਮਝਿਆ ਜਾ ਸਕਿਆ ਹੈ ਉਸ ਦੀ ਗਵਾਹੀ ਭਰਨਾ।

6. Jacuues Waardenburg ਨੇ ਉਨ੍ਹਾਂ ਦੀ ਪਰਪੰਚ-ਵਿਗਿਆਨੀ ਮਨੋ-ਵਿਗਿਆਨੀ ਵਿਧੀ ਨੂੰ ਅੰਤਰ ਸੂਝ ਦੀ ਅਗਵਾਈ ਲਈ ਅਸਤਿਤਵਵਾਦੀ ਵਿਧੀ ਕਿਹਾ ਹੈ ਜਿਸ ਰਾਹੀਂ ਤੱਥਾਂ ਦੇ ਅਰਥ ਸਮਝੇ ਜਾਂਦੇ ਹਨ। ਪੁਨਰ-ਅਨੁਭਵ ਰਾਹੀਂ ਪਰਪੰਚ ਦਾ ਆਦਰਸ਼ ਵਰਗਾਂ ਵਿਚ ਵਰਗੀਕਰਣ ਕਰਕੇ ਉਨ੍ਹਾਂ ਦੇ ਅਰਕਾਂ ਅਤੇ ਸਰੰਚਨਾਵਾਂ ਨੂੰ ਜਾਨਣਾ ਵੀ ਮਨੋ-ਵਿਗਿਆਨੀ ਖੋਜ-ਵਿਧੀ ਦਾ ਪਾਲਨ ਕਰਨਾ ਹੈ।

ਧਰਮਾਂ ਦੇ ਇਤਿਹਾਸ ਦੇ ਪਿਛਲੇਰੇ ਵਿਦਵਾਨਾਂ ਨੇ ਉਸ ਦੀ ਪੁਸਤਕ Religion in Essence and Manifestation ਦੀ ਇਸ ਗੱਲੋਂ ਬੇਹੱਦ ਪ੍ਰਸੰਸਾ ਕੀਤੀ ਹੈ ਕਿ ਇਸ ਨੇ ਧਰਮ ਦੀ ਇਤਨੀ ਵਿਆਪਕ ਸਮਗਰੀ ਨੂੰ ਤਰਤੀਬਵਾਰ ਰੂਪ ਵਿਚ ਪੇਸ਼ ਕੀਤਾ । ਪਰੰਤੂ ਨਾਲ ਹੀ ਉਨ੍ਹਾਂ ਨੇ ਉਨ੍ਹਾਂ ਦੀ ਪਹੁੰਚ-ਵਿਧੀ ਦੀਆਂ ਧਰਮ-ਸ਼ਾਸ਼ਤ੍ਰੀ ਤੇ ਪਰਾਭੌਤਿਕੀ ਧਾਰਨਾਵਾਂ ਦੀ ਆਲੋਚਨਾ ਕੀਤੀ ਹੈ ਅਤੇ ਇਤਿਹਾਸਕ ਅਤੇ ਸਭਿਆਚਾਰਕ ਪਰਿਪੇਖਾਂ ਨੂੰ ਤਿਆਗ ਦੇਣ ਦੀ ਵੀ ਟੀਕਾ ਟਿੱਪਣੀ ਕੀਤੀ ਹੈ।

# ਸਿਗਮੰਡ ਫ਼ਰਾਇਡ

## ਫ਼ਰਾਇਡ ਦਾ ਨਿੱਜੀ-ਜੀਵਨ:

ਧਰਮ ਅਧਿਐਨ ਦੇ ਖੇਤਰ ਵਿਚ ਸਿਗਮੰਡ ਫ਼ਰਾਇਡ ਜਾਨਿਆ ਪਛਾਨਿਆ ਹਸਤਾਖ਼ਰ ਹੈ। ਉਹ ਇਕ ਡਾਕਟਰ ਤੇ ਉਂਘਾ ਮਨੋ-ਚਿਕਿਤਸਕ ਸੀ।ਉਸਦਾ ਜਨਮ 6 ਮਈ 1856 ਈਸਵੀ ਨੂੰ ਮੋਰਾਵੀਆ ਸ਼ਹਿਰ ਵਿਖੇ ਹੋਇਆ, ਜਿਸ ਨੂੰ ਅੱਜਕਲ ਸਲੋਵਾਕੀਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਇਹ ਸ਼ਹਿਰ ਫਰੀਬਰਗ ਵਿੱਚ ਸੀ।ਫ਼ਰਾਇਡ ਦਾ ਪਿਤਾ ਜੈਕਬ ਫ਼ਰਾਇਡ ਜੋ ਉਨ ਦਾ ਵਪਾਰੀ ਸੀ ਮੱਧ-ਵਰਗੀ ਯਹੂਦੀ ਪਰਿਵਾਰ ਨਾਲ ਸੰਬੰਧ ਰੱਖਦਾ ਸੀ।ਫ਼ਰਾਇਡ ਦੀ ਮਾਤਾ ਐਮਲੀ ਉਸ ਦੇ ਪਿਤਾ ਦੀ ਤੀਜੀ ਪਤਨੀ ਸੀ ਅਤੇ ਉਹ ਜੈਕਬ ਤੋਂ ਤਕਰੀਬਨ 20 ਸਾਲ ਛੋਟੀ ਸੀ। ਐਮਲੀ ਇਕ ਜ਼ਿੰਦਾ ਦਿਲ ਅਤੇ ਖ਼ੂਬਸੂਰਤ ਔਰਤ ਸੀ।ਫ਼ਰਾਇਡ ਦਾ ਆਪਣੀ ਮਾਂ ਨਾਲ ਬਹੁਤ ਪਿਆਰ ਸੀ; ਹਾਲਾਂਕਿ ਫ਼ਰਾਇਡ ਦੇ ਸੱਤ ਹੋਰ ਵੀ ਭੈਣ ਭਰਾ ਸਨ ਪਰ ਸਭ ਤੋਂ ਵੱਧ ਉਹ ਫ਼ਰਾਇਡ ਨੂੰ ਪਿਆਰ ਕਰਦੀ ਸੀ।ਫ਼ਰਾਇਡ ਦਾ ਆਪਣੀ ਮਾਤਾ ਨਾਲ ਸਾਥ ਬਹੁਤ ਦੇਰ ਤੱਕ ਰਿਹਾ ਕਿਉਂਕਿ ਐਮਲੀ ਦਾ ਦੇਹਾਂਤ 1930 ਵਿਚ ਅਤੇ ਫ਼ਰਾਇਡ ਦਾ 1939 ਵਿਚ ਹੋਇਆ।

ਫ਼ਰਾਇਡ ਦਾ ਪਰਿਵਾਰ ਆਰਥਿਕ ਮੰਦੇ ਅਤੇ ਯਹੂਦੀਆਂ ਖਿਲਾਫ਼ ਉੱਭਰ ਰਹੀ ਨਸਲੀ ਨਫ਼ਰਤ ਕਾਰਣ ਫ੍ਰੀਅਬਰਗ(Freiberg) ਤੋਂ ਪਹਿਲਾਂ ਲੀਪਜ਼ਿਗ ਤੇ ਫਿਰ ਵਿਆਨਾ ਚਲਾ ਗਿਆ।ਓਥੇ ਉਹ ਇਕ ਛੋਟੇ ਜਿਹੇ ਫ਼ਲੈਟ ਵਿਚ ਰਹਿਣ ਲੱਗੇ। ਉਸ ਸਮੇਂ ਫ਼ਰਾਇਡ ਦੀ ਉਮਰ ਤਿੰਨ ਸਾਲ ਸੀ ਅਤੇ ਉਹ 1938 ਤੱਕ ਇੱਥੇ ਹੀ ਰਿਹਾ।ਫ਼ਰਾਇਡ ਨੂੰ ਆਪਣੇ ਯਹੂਦੀ ਹੋਣ 'ਤੇ ਮਾਣ ਸੀ ਅਤੇਯਹੂਦੀਆਂ ਪ੍ਰਤੀ ਉਸ ਦੀ ਦ੍ਰਿੜ੍ਹਤਾ ਇਸ ਕਦਰ ਸੀ ਕਿ ਉਸ ਨੇ ਬਹੁਤ ਘੱਟ ਅਜਿਹੇ ਦੋਸਤ ਬਣਾਏ ਜੋ ਯਹੂਦੀ ਨਹੀਂ ਸਨ।ਉਹ ਆਪਣੇ ਧਰਮ ਦੀਆਂ ਸਮਾਜਕ ਸਭਾਵਾਂ ਵਿਚ ਨਿਰੰਤਰ ਸ਼ਾਮਲ ਹੁੰਦਾ ਸੀ।ਪਰ ਉਸ ਨੇ ਕਦੇ ਵੀ ਆਪਣੇ ਧਰਮ ਦੇ ਕਰਮਾਂ-ਕਾਂਡਾਂ ਵਿਚ ਨੂੰ ਨਹੀਂ ਅਪਨਾਇਆ ਅਤੇ ਨਾ ਹੀ ਉਸ ਦਾ ਉਨ੍ਹਾਂ ਵਿੱਚ ਵਿਸ਼ਵਾਸ ਸੀ।ਉਸਨੇ ਯਿੱਦਿਸ਼ ਅਤੇ ਹੀਬੀਰਿਊ ਭਾਸ਼ਾ ਵਿਚਪੁਸਤਕਾਂ ਅਨੁਵਾਦ ਕਰਨ ਬਦਲੇ ਕਦੇ ਵੀ ਕਿਰਤ ਫਲ ਨਹੀਂ ਲਿਆ ਸੀ।ਫ਼ਰਾਇਡ ਨੂੰ ਛੋਟੇ ਹੁੰਦਿਆਂ ਤੋਂ ਹੀ ਕਿਤਾਬਾਂ ਪੜ੍ਹਨ, ਖ਼ਰੀਦਣ ਅਤੇ ਇੱਕਠੀਆਂ ਕਰਨ ਦਾ ਬਹੁਤ ਸ਼ੌਕ ਸੀ।ਉਹ ਅੱਠ ਸਾਲ ਦੀ ਉਮਰ ਤੋਂ ਸ਼ੈਕਸਪੀਅਰ ਨੂੰ ਨਿਰੰਤਰ ਪੜ੍ਹਦਾ ਰਿਹਾ ਸੀ। ਉਹ ਇਕ ਗੰਭੀਰ ਅਤੇ ਸਮਰਪਤ ਵਿਦਿਆਰਥੀ ਸੀ। ਇਸ ਲਈ ਉਹ ਸਕੂਲ ਵਿਚ ਆਪਣੀ ਸ਼੍ਰੇਣੀ ਵਿਚੋਂ ਹਮੇਸ਼ਾ ਪਹਿਲੇ ਸਥਾਨ ਤੇ ਆਉਂਦਾ ਸੀ।ਸਕੂਲ ਛੱਡਣ ਤੱਕ ਉਸ ਨੇ ਗ੍ਰੀਕ,ਲੈਟਿਨ,ਜਰਮਨ ਅਤੇ ਹਿਬਰਿਊ ਭਾਸ਼ਾਵਾਂ ਦੇ ਨਾਲ-ਨਾਲ ਫਰਾਂਸੀਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਵੀ ਪੂਰੀ ਮੁਹਾਰਤ ਹਾਸਲ ਕਰ ਲਈ ਸੀ।

ਸਾਲ 1882ਈ. ਵਿਚ ਵਿਆਨਾ ਵਿਖੇ ਰਹਿੰਦਿਆਂ ਹੋਇਆਂ ਫ਼ਰਾਇਡ ਨੂੰ ਮਾਰਥਾ ਬਰਨੇਜ ਨਾਮ ਦੀ ਇੱਕ ਲੜਕੀ ਨਾਲ ਪ੍ਰੇਮ ਹੋ ਗਿਆ। ਮਾਰਥਾ ਇੱਕ ਮੰਨੇ-ਪ੍ਰਮੰਨੇ ਯਹੂਦੀ ਪਰਿਵਾਰ ਨਾਲ ਸੰਬੰਧ ਰੱਖਦੀ ਸੀ ਅਤੇ ਵਿਆਨਾ ਪੜ੍ਹਨ ਵਾਸਤੇ ਆਈ ਹੋਈ ਸੀ। ਫ਼ਰਾਇਡ ਨੇ 1886ਈ. ਵਿਚ ਆਪਣੀ ਪ੍ਰੇਮਿਕਾ ਮਾਰਥਾ ਬਰਨੇਜ਼ ਨਾਲ ਵਿਆਹ ਕਰਵਾ ਲਿਆ। ਉਸ ਦੇ ਘਰੇ ਛੇ ਬੱਚਿਆਂ ਨੇ ਜਨਮ ਲਿਆ। ਉਸ ਦੇ ਬੱਚਿਆਂ ਵਿਚੋਂ ਮੈਥਲਿਡ ਸਭ ਤੋਂ ਵੱਡਾ ਅਤੇ ਐਨਾ ਸਭ ਤੋਂ ਛੋਟੀ ਸੀ। ਸਾਰੇ ਬੱਚਿਆਂ ਵਿਚੋਂ ਕੇਵਲ

ਐਨਾ ਹੀ ਮਨੋਵਿਗਿਆਨੀ ਬਣੀ। ਮਾਰਥਾ ਨੇ ਪੂਰੀ ਸੁਹਿਰਦਤਾ ਨਾਲ ਆਪਣੇ ਬੱਚਿਆਂ ਦੀ ਪਰਵਰਿਸ਼ ਕੀਤੀ।

ਫ਼ਰਾਇਡ ਖੁਦ ਮਨੋਵਿਗਿਆਨੀ ਹੋਣ ਦੇ ਬਾਵਜੂਦ ਕਈ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਸੀ। ਉਹ ਬਿਨ੍ਹਾਂ ਤਰਕ ਅੰਕੜਿਆਂ ਦੇ ਚਮਤਕਾਰਪੂਰਨ ਹੋਣ ਨੂੰ ਮੰਨਦਾ ਸੀ ਅਤੇ ਨਾਲ ਹੀ ਟੈਲੀਪੈਥੀ (ਦੂਰ-ਸੰਵੇਦਨਾ) ਵਿਚ ਵੀ ਕੁਝ ਕੁ ਵਿਸ਼ਵਾਸ ਕਰਦਾ ਸੀ। ਉਹ ਆਪਣੀ ਮੌਤ ਬਾਰੇ ਜੁੰਗ ਨੂੰ 1899 ਵਿਚ ਲਿਖੇ ਪੱਤਰ ਰਾਹੀਂ ਦਸਦਾ ਹੈ ਕਿ ਉਸ ਦੀ ਮੌਤ 61 ਜਾਂ 62 ਸਾਲ ਦੀ ਉਮਰ ਵਿਚ ਹੋਵੇਗੀ। ਫ਼ਰਾਇਡ ਆਪਣੇ ਪੱਤਰ ਵਿਚ ਲਿਖਦਾ ਹੈ "ਉਸ ਸਮੇਂ ਦੋ ਘਟਨਾਵਾਂ ਵਾਪਰੀਆਂ। ਪਹਿਲੀ ਜਦ ਮੈਂ 'ਦੀ ਇੰਟਰਪ੍ਰੇਟੇਸ਼ਨ ਆਫ਼ ਡ੍ਰੀਮਜ਼' ਪੁਸਤਕ ਲਿਖ ਰਿਹਾ ਸੀ (ਇਹ ਪੁਸਤਕ 1900 ਵਿਚ ਜਾ ਕੇ ਛਪੀ), ਮੈਨੂੰ ਟੈਲੀਫ਼ੋਨ ਦਾ ਜੋ ਨੰਬਰ ਮਿਲਿਆ ਜਿਹੜਾ ਹੁਣ ਵੀ ਮੇਰੇ ਪਾਸ ਹੈ, ਉਹ ਨੰਬਰ 14362 ਸੀ। ਇਸਦਾ ਸਬੰਧ ਸਹਿਜੇ ਹੀ ਪਹਿਲੀਆਂ ਦੋ ਘਟਨਾਵਾਂ ਨਾਲ ਜੁੜਦਾ ਹੈ। ਸਾਲ 1899 ਵਿਚ ਜਦ ਮੈਂ 'ਦੀ ਇੰਟਰਪ੍ਰੇਟੇਸ਼ਨ ਆਫ਼ ਡ੍ਰੀਮਜ਼' ਪੁਸਤਕ ਲਿਖੀ, ਮੈਂ ਉਸ ਸਮੇਂ 43 ਸਾਲ ਦਾ ਸੀ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਸਦੇ ਬਾਕੀ ਅੰਕ ਮੇਰੇ ਜੀਵਨ ਦੇ ਅੰਤਿਮ ਸਮੇਂ ਦੇ ਪ੍ਰਤੀਕ ਹਨ। ਇਹ ਸਾਲ ਆਵੱਸ਼ ਹੀ ਮੇਰੀ ਉਮਰ ਦੇ 61ਵੇਂ ਜਾਂ 62ਵੇਂ ਵਰ੍ਹੇ ਹੋ ਸਕਦੇ ਹਨ"। ਫ਼ਰਾਇਡ ਨੇ ਹੋਰਾਂ ਸਿਰਜਨਾਤਮਕ ਵਿਅਕਤੀਆਂ ਦੀ ਤਰ੍ਹਾਂ ਜੋ ਵਹਿਮਾਂ ਨਾਲ ਜੁੜੇ ਹੋਏ ਸਨ, ਆਪਣੀ ਮੌਤ ਬਾਰੇ ਪੂਰਵ ਅੰਦਾਜ਼ਾ ਲਾਉਣਾ ਚਾਹਿਆ ਸੀ।

ਫ਼ਰਾਇਡ ਬਾਰੀਕਬੀਨ, ਸੁਨਿਸ਼ਚਤ, ਵਿਸ਼ਵਾਸ ਕਰਨ ਯੋਗ, ਸੁਹਿਰਦ ਅਤੇ ਸਫ਼ਾਈ ਪਸੰਦ ਵਿਅਕਤੀ ਸੀ; ਉਸ ਨੇ ਆਪਣੇ ਜੀਵਨ ਨੂੰ ਇਕ ਵਿਸ਼ੇਸ਼ ਤਰ੍ਹਾਂ ਦੇ ਸੰਤੁਲਿਨ ਵਿਚ ਬੰਨ੍ਹਿਆ ਹੋਇਆ ਸੀ। ਉਹ ਤਮਾਮ ਉਮਰ ਵਿਵਸਥ ਢੰਗ ਨਾਲ ਜੀਵਿਆ। ਉਹ ਆਪਣੇ ਅਸੂਲਾਂ ਦਾ ਪੱਕਾ, ਸਵੈ-ਸੰਜਮੀ, ਇਮਾਨਦਾਰ ਅਤੇ ਸਤਿ-ਮੁਲਾਂ ਅਨੁਸਾਰ ਜਿਉਣ ਲਈ ਦ੍ਰਿੜ੍ਹ ਸੀ। ਫ਼ਰਾਇਡ ਗਰੀਬੀ ਵਿਚ ਗੁਜ਼ਾਰਾ ਕਰਦਿਆਂ ਵੀ ਆਪਣੀਆਂ ਆਦਤਾਂ ਨੂੰ ਨਹੀਂ ਬਦਲ ਸਕਿਆ ਪਰ ਇਸਦੇ ਨਾਲ ਇਕ ਗਲ ਇਹ ਵੀ ਜੁੜੀ ਹੋਈ ਹੈ ਕਿ ਉਹ ਫ਼ਜ਼ੂਲ ਖ਼ਰਚ ਬਿਲਕੁਲ ਨਹੀਂ ਸੀ ਕਰਦਾ। ਅਰਨਸਟ ਜੌਰਜ ਅਨੁਸਾਰ ਉਸ ਨੇ ਤਿੰਨ ਸੂਟਾਂ ਤੋਂ ਸਿਵਾ ਕਦੀ ਵੀ ਵਾਧੂ ਕਪੜਾ ਨਹੀਂ ਸੀ ਖ਼ਰੀਦਿਆ; ਤਿੰਨ ਹੀ ਜੁੱਤੇ ਅਤੇ ਤਿੰਨ ਹੀ ਉਸ ਪਾਸ ਹੇਠਾਂ ਪਾਉਣ ਵਾਲੇ ਕੱਪੜਿਆਂ ਦੇ ਸੈਟ ਹੋਇਆ ਕਰਦੇ ਸਨ। ਪਿਛਲੀ ਉਮਰ ਵਿਚ ਉਹ ਕਿਸੇ ਦੇ ਰਿਣ ਅਧੀਨ ਨਹੀਂ ਸੀ ਰਹਿਣਾ ਚਾਹੁੰਦਾ। ਜਿਹੜੇ ਲੋਕ ਉਸਦੀ ਡਾਕਟਰੀ ਫ਼ੀਸ ਦੇ ਸਕਦੇ ਸਨ, ਉਹਨਾਂ ਤੋਂ ਉਹ ਕਾਫ਼ੀ ਪੈਸੇ ਲੈ ਲੈਂਦਾ ਸੀ ਪਰ ਜਿਹੜੇ ਮਰੀਜ਼ ਗਰੀਬ ਹੁੰਦੇ ਸਨ ਉਹਨਾਂ ਦੀ ਉਹ ਖੁਦ ਮਦਦ ਕਰਦਾ ਸੀ।ਫ਼ਰਾਇਡ ਨੂੰ ਆਪਣੇ ਕੰਮ ਅਤੇ ਖੋਜ ਨਾਲ ਖ਼ਬਤ ਦੀ ਹੱਦ ਤੱਕ ਲਗਾਵ ਸੀ।ਫ਼ਰਾਇਡ ਦੇ ਖਬਤੀ ਹੋਣ ਦਾ ਪਤਾ ਉਸ ਦੇ ਜੀਵਨ ਜਿਉਣ ਦੇ ਢੰਗ ਤੋਂ ਵੀ ਲਗਦਾ ਹੈ।

ਫ਼ਰਾਇਡ ਦੇ ਜੀਵਨ ਤੇ ਝਾਤ ਮਾਰਦਿਆਂ ਉਸਦੀ ਸ਼ਖਸੀਅਤ ਦੇ ਅਨੇਕਾਂ ਪੱਖ ਉਜਾਗਰ ਹੁੰਦੇ ਹਨ ਜੋ ਉਸ ਨੂੰ ਬਾਕੀ ਦੇ ਵਿਗਿਆਨੀਆਂ ਤੋਂ ਅਲੱਗ ਪਹਿਚਾਣ ਦਿੰਦੇ ਹਨ। ਉਸ ਨੂੰ ਜਿੱਥੇ ਪੁਰਾਤਤਵ ਵਸਤੂਆਂ ਅਤੇ ਪ੍ਰਾਚੀਨ ਇਤਿਹਾਸ ਨੂੰ ਜਾਨਣ ਦੀ ਤੀਬਰ ਇੱਛਾ ਹੁੰਦੀ ਸੀ ਉੱਥੇ ਹੀ ਉਸ ਨੂੰ ਸਾਹਿਤਕ ਲਿਖਤਾਂ ਪੜ੍ਹਨ ਅਤੇ ਲਿਖਣ ਦਾ ਵੀ ਸ਼ੌਕ ਸੀ। ਉਸ ਦੁਆਰਾ ਰਚਿਤ ਸਾਹਿਤਕ ਲਿਖਤਾਂ ਨੇ ਸਾਰਿਆਂ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਉਸ ਨੂੰ ਸਿਟੀ ਆਫ਼ ਫਰੈਂਕਫਰਟ ਵਲੋਂ ਸਾਲ 1930 ਵਿਚ 'ਗੈਟੇ ਸਾਹਿਤ ਪੁਰਸਕਾਰ' ਨਾਲ ਨਿਵਾਜ਼ਿਆ ਗਿਆ। ਉਹ ਅਜਿਹਾ ਚੌਥਾ ਵਿਅਕਤੀ ਸੀ ਜਿਸਨੂੰ ਇਹ ਸਨਮਾਨ ਪ੍ਰਾਪਤ ਹੋਇਆ ਸੀ।

## ਫ਼ਰਾਇਡ ਦਾ ਕਿੱਤਾ-ਮੁਖੀ ਜੀਵਨ:

ਸਕੂਲ ਦੀ ਪੜ੍ਹਾਈ ਤੋਂ ਬਾਅਦ ਫ਼ਰਾਇਡ ਨੇ ਵਿਗਿਆਨ ਨੂੰ ਪੇਸ਼ੇ ਵਜੋਂ ਚੁਣਿਆ।ਸੰਨ 1873 ਵਿੱਚ ਉਸਨੇ ਵਿਆਨਾ ਵਿਸ਼ਵ ਵਿਦਿਆਲਾ ਵਿੱਚ ਡਾਕਟਰੀ ਦੇ ਕੋਰਸ ਵਿੱਚ ਦਾਖ਼ਲਾ ਲਿਆ ਅਤੇ 1881 ਵਿੱਚ ਫ਼ਰਾਇਡ ਨੇ ਇਸ ਕੋਰਸ ਨੂੰ ਪਹਿਲੇ ਦਰਜੇ ਵਿੱਚ ਪਾਸ ਕੀਤਾ।ਇੱਥੇ ਪੜ੍ਹਦਿਆਂ ਉਸ ਨੇ ਅਰਸਤੂ ਦਾ ਫ਼ਲਸਫ਼ਾ ਪੜ੍ਹਿਆ ਅਤੇ ਜਾਨ ਸਟੂਅਰਟ ਮਿਲ ਦੀ ਇੱਕ ਕਿਤਾਬ ਦਾ ਜਰਮਨ ਵਿੱਚ ਅਨੁਵਾਦ ਵੀ ਕੀਤਾ।ਵਿਆਨਾ ਦੇ ਮਸ਼ਹੂਰ ਸਰੀਰਕ-ਕ੍ਰਿਆ ਵਿਗਿਆਨੀ (Neurologist) ਦੀ ਨਿਗਰਾਨੀ ਹੇਠ ਉਸਨੇ ਤੰਤੂ-ਵਿਗਿਆਨ ਨਾਲ ਸੰਬੰਧਿਤ ਖੋਜ ਕੰਮਾਂ ਨੂੰ ਬਹੁਤ ਤਨਦੇਹੀ ਨਾਲ ਕੀਤਾ।ਉਸਦਾ ਖੋਜ ਕੰਮਾਂ ਨਾਲ ਇੰਨਾ ਲਗਾਵ ਸੀ ਕਿ ਉਸਨੇ ਆਪਣੇ ਡਾਕਟਰੀ ਦੇ ਕੋਰਸ ਨੂੰ ਆਮ ਨਾਲੋਂ ਤਿੰਨ ਸਾਲ ਵੱਧ ਦਾ ਸਮਾਂ ਦਿੱਤਾ।ਫ਼ਰਾਇਡ ਵਿਗਿਆਨੀ ਬਰੂਕ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸੀ ਜੋ ਇਹ ਸਿੱਧ ਕਰਨ ਲੱਗਿਆ ਹੋਇਆਸੀ ਕਿ ਜੀਵਨ ਦੇ ਜ਼ਰੂਰੀ ਤੱਤ ਕੇਵਲ ਰਸਾਇਣ ਅਤੇ ਭੌਤਿਕ ਵਿਗਿਆਨ ਦੁਆਰਾ ਹੀ ਜਾਣੇ ਜਾ ਸਕਦੇ ਹਨ।ਬਰੂਕ ਦੇ ਵਿਚਾਰ ਪ੍ਰਚਲਿਤ ਵਿਚਾਰਾਂ ਤੋਂ ਉਲਟ ਸਨ।ਫ਼ਰਾਇਡ ਵੀ ਬਰੂਕ ਦੇ ਵਿਚਾਰਾਂ ਪ੍ਰਤਿ ਸਾਰੀ ਉਮਰ ਦ੍ਰਿੜ੍ਹ ਰਿਹਾ।ਉਸ ਅਨੁਸਾਰ ਮਾਨਸਿਕ ਖੇਤਰ ਵਿਚ ਵਿਚਾਰ,ਭਾਵਨਾਵਾਂ ਅਤੇ ਸੁਪਨ-ਕਲਪਨਾ ਆਵੱਸ਼ਕ ਹੀ ਕਾਰਣ ਅਤੇ ਪ੍ਰਭਾਵ/ਕਾਰਜ ਦੇ ਨੇਮ ਅਧੀਨ ਕਾਰਜਸ਼ੀਲ ਹੁੰਦੇ ਹਨ।

ਫ਼ਰਾਇਡ ਨੇ ਖੋਜ-ਕਾਰਜ ਦੀ ਬਰੀਕੀਆਂ ਨੂੰ ਬਰੂਕ ਨਾਲ ਖੋਜ-ਕਾਰਜ ਕਰਨ ਦੇ ਦੌਰਾਨ ਗ੍ਰਹਿਣ ਕੀਤਾ। 1882 ਈ. ਵਿੱਚ ਉਹ ਵਿਆਨਾ ਦੇ ਜਨਰਲ ਹਸਪਤਾਲ ਵਿੱਚ ਡਾਕਟਰ ਲੱਗ ਗਿਆ ਤੇ ਤਿੰਨ ਸਾਲ ਉਥੇ ਹੀ ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦਾ ਰਿਹਾ। ਸੰਨ 1885 ਵਿਚ ਫ਼ਰਾਇਡ ਦੀ ਵਿਆਨਾ ਵਿਸ਼ਵ-ਵਿਦਿਆਲੇ ਵਿਖੇ ਨੀਰੋਪੈਥਾਲੋਜੀ ਦੇ ਲੈਕਚਰਾਰ ਵਜੋਂ ਨਿਯੁਕਤੀ ਹੋਈ।ਤੰਤੂ-ਵਿਗਿਆਨੀ ਦੇ ਤੌਰ 'ਤੇ ਕੰਮ ਕਰਦਿਆਂ ਉਸ ਦਾ ਵਧੇਰੇ ਰੁਝਾਨ ਹਿਸਟਰੀਆ ਅਤੇ ਤੰਤੂ-ਰੋਗਾਂ ਦੇ ਖੇਤਰ ਵੱਲ ਹੋ ਗਿਆ।ਉਹ ਹਿਸਟਰੀਆ ਦੇ ਇਲਾਜ-ਢੰਗ ਵਿਚ ਪਰਿਵਰਤਨ ਲਿਆਉਣਾ ਚਾਹੁੰਦਾ ਸੀ।ਇਸੇ ਸਦਕਾ ਉਸ ਨੇ ਜੌਸਫ ਬਰੂਅਰ(Josef Breuer) ਨਾਲ ਮਿਲ ਕੇ ਸੰਨ 1895 ਵਿਚ 'ਸਟਡੀਜ਼ ਆਨ ਹਿਸਟੀਰੀਆ' ਪੁਸਤਕ ਪ੍ਰਕਾਸ਼ਿਤ ਕਰਵਾਈ।

ਮਨੋਵਿਗਿਆਨ ਦੇ ਖੇਤਰ ਵਿੱਚ ਸੰਨ 1896 ਵਿੱਚ ਫ਼ਰਾਇਡ ਨੇ ਪਹਿਲੀ ਵਾਰ ਮਨੋਵਿਸ਼ਲੇਸ਼ਣ (psychoanalysis) ਸ਼ਬਦ ਦੀ ਵਰਤੋਂ ਕੀਤੀ।ਉਸ ਨੇ ਉਨਤਾਲੀ ਸਾਲ ਦੀ ਉਮਰ ਵਿਚ ਹੀ ਮਨੋਵਿਸ਼ਲੇਸ਼ਣ ਬਾਰੇ ਆਪਣਾ ਅਧਿਐਨ ਪੇਸ਼ ਕਰ ਦਿੱਤਾ ਸੀ।1902 ਵਿਚ ਵਿਆਨਾ ਸਾਈਕੌਲੌਜ਼ੀਕਲ ਸੋਸਾਇਟੀ ਬਣਾਈ ਗਈ, ਜਿਸਦੇ ਮੈਂਬਰ ਹਰ ਬੁੱਧਵਾਰ ਨੂੰ ਫ਼ਰਾਇਡ ਦੇ ਘਰ ਇੱਕਠੇ ਹੋ ਕੇ ਵਿਚਾਰ-ਵਟਾਂਦਰਾ ਕਰਦੇ ਸਨ। ਸ਼ੁਰੂ-ਸ਼ੁਰੂ ਵਿਚ ਇਸਦੇ ਮੈਂਬਰ ਸਥਾਨਕ ਹੀ ਸਨ ਪਰ ਹੌਲੀ ਹੌਲੀ ਹੋਰ ਦੇਸ਼ਾਂ ਦੇ ਵਿਦਵਾਨ ਵੀ ਇਸ ਵਿਚ ਸ਼ਾਮਿਲ ਹੋਣ ਲੱਗੇ ਅਤੇ ਇਸ ਦਾ ਨਾਂ 'ਵਿਆਨਾ ਸਾਈਕੋਅਨੈਲੇਸਿਸ ਸੋਸਾਇਟੀ' ਰੱਖ ਦਿੱਤਾ ਗਿਆ।ਫ਼ਰਾਇਡ ਦੁਆਰਾ ਬਹੁਤ ਸਾਰੇ ਦੇਸ਼ਾਂ ਵਿਚ ਹੋਈਆਂ ਕਾਨਫ਼ਰੰਸਾਂ ਵਿਚ ਹਿੱਸਾਲੈ ਕੇਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਨਾਲ ਉਹ ਇਕ ਅੰਤਰਰਾਸ਼ਟਰੀ ਹਸਤੀ ਬਣ ਗਿਆ ਅਤੇ ਨਾਲ ਹੀ ਉਸਨੇ ਆਪਣੇ ਖੋਜ-ਕਾਰਜ ਬਰਾਬਰ ਸਮਾਂ ਦੇ ਕੇ ਇਸ ਦੇ ਘੇਰੇ ਨੂੰ ਵੀ ਹੋਰ ਵਿਸ਼ਾਲ ਕਰ ਲਿਆ।ਉਸਨੇ 1901 ਵਿਚ 'ਦ ਸਾਈਕੋਪੈਥੋਲੋਜੀ ਆਫ਼ ਐਵਰੀਡੇਅ ਲਾਈਫ਼' ਅਤੇ 1905 ਵਿਚ 'ਥ੍ਰੀ ਐਸੇਜ਼ ਆਨ ਦ ਥਿਊਰੀ ਆਫ ਸੈਕਸ਼ੂਐਲਟੀ' ਕਿਤਾਬ ਲਿਖੀ।ਫ਼ਰਾਇਡ ਨੇ ਧਰਮ ਨਾਲ ਸੰਬੰਧਤ 1913 ਵਿਚ 'ਟੋਟਮ ਐਂਡ ਟੈਬੂ' ਅਤੇ 1927 ਵਿਚ 'ਦ ਫ਼ਿਊਚਰ ਆਫ਼ ਐਨ ਇਲੀਊਯਨ' ਕਿਤਾਬਾਂ ਛਪਵਾਈਆਂ।

ਫ਼ਰਾਇਡ ਨੂੰ ਆਪਣੇ ਅੰਤਿਮ ਸਮੇਂ ਬਹੁਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। 1933 ਵਿਚ ਹਿਟਲਰ ਦੇ ਰਾਜ ਵਿਚ ਨਾਜ਼ੀਆਂ ਨੇ ਫ਼ਰਾਇਡ ਦੀਆਂ ਕਿਤਾਬਾਂ ਨੂੰ ਸ਼ਰੇਆਮ ਸਾੜਿਆ। 1938 ਵਿਚ ਫ਼ਰਾਇਡ ਨੂੰ ਯਹੂਦੀਆਂ ਵਿਰੋਧੀ ਪ੍ਰਬਲ ਜਜ਼ਬਾਤਾਂ ਕਰਕੇ ਵਿਆਨਾ ਤੋਂ ਭੱਜ ਕੇ ਲੰਦਨ ਜਾਣਾ ਪਿਆ। ਉੱਥੇ ਹੀ 23 ਸਤੰਬਰ 1939 ਨੂੰ ਉਸਦੀ ਕੈਂਸਰ ਦੀ ਬਿਮਾਰੀ ਨਾਲ ਉਸ ਦੀ ਮੌਤ ਹੋ ਗਈ।ਫ਼ਰਾਇਡ ਇਕ ਅਜਿਹਾ ਵਿਦਵਾਨ ਸੀ ਜਿਸਨੇ ਮਨੋਵਿਗਿਆਨ ਅਤੇ ਧਰਮ ਅਧਿਐਨ ਦੇ ਖੇਤਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ।

## ਫ਼ਰਾਇਡ ਦਾ ਧਰਮ ਸਬੰਧੀ ਚਿੰਤਨ

ਫ਼ਰਾਇਡ ਨੂੰ ਮਨੋ-ਚਿਕਿਤਸਾ ਦਾ ਪਿਤਾਮਾ ਮੰਨਿਆਂ ਜਾਂਦਾ ਹੈ। ਉਸ ਦੀ ਧਰਮ ਸਬੰਧੀ ਸਿਧਾਂਤਕਾਰੀ ਦਾ ਆਧਾਰ ਮਨੋ-ਚਕਿਤਸਾਗਿਆਨਕਾਰੀ ਹੈ।ਫ਼ਰਾਇਡ ਧਰਮ ਨੂੰ ਮੂਲ ਰੂਪ ਵਿਚ ਇਕ ਤੰਤੂ-ਰੋਗ ((neurosis)ਦੇ ਰੂਪ ਵਿਚ ਸੰਕਲਪਬੱਧ ਕਰਦਾ ਹੈ।ਉਸ ਨੇ ਧਰਮ ਦੀ ਸਾਰਥਕਤਾ ਅਤੇ ਬਣਤਰ ਨੂੰ ਵਿਭਿੰਨ ਪਹਿਲੂਆਂ ਤੋਂ ਨਕਾਰਨ ਦਾ ਯਤਨ ਕੀਤਾ। ਉਸ ਅਨੁਸਾਰ ਧਾਰਮਿਕ ਰੀਤੀ-ਰਿਵਾਜ਼ ਅਸੰਤੁਲਿਤ ਵਿਅਕਤੀ ਦੇ ਇਕ ਖਾਸ ਕਿਸਮ ਦੇ ਵਿਵਹਾਰ ਨੂੰ ਪ੍ਰਤਿਬਿੰਬਤ ਕਰਦੇ ਹਨ। ਇਹ ਉਸ ਤੰਤੂ-ਰੋਗ ਨਾਲ ਪੀੜਤ ਵਿਅਕਤੀ ਦੀ ਅਵਸਥਾ ਵਰਗਾ ਹੈ, ਜਿਸ ਵਿਚ ਪੀੜਤ ਵਿਅਕਤੀ ਬਹੁਤ ਕੁਝ ਅਯਥਾਰਥਕ ਸਿਰਜ ਕੇ ਉਸ ਨੂੰ ਯਥਾਰਥਕ ਸਮਝਣ ਲੱਗ ਪੈਂਦਾ ਹੈ। ਧਰਮ ਦੇ ਬਾਬਤ ਦੂਜਾ ਵਿਚਾਰ ਫ਼ਰਾਇਡ ਇਹ ਦਿੰਦਾ ਹੈ ਕਿ ਧਰਮ ਯਥਾਰਥ ਤੋਂ ਇਕ ਭਾਂਜ ਹੈ, ਇਹ ਇਕ ਅਜਿਹੀ ਝੂਠੀ ਸਿਰਜਣਾ ਹੈ, ਜਿਸ ਦੇ ਰਾਹੀਂ ਵਿਅਕਤੀ ਅਸਲ ਸਥਿਤੀਆਂ ਤੋਂ ਕਿਨਾਰਾਕਸ਼ੀ ਕਰਦਾ ਹੈ। ਇਸ ਤਰ੍ਹਾਂ ਧਰਮ ਇਕ ਭਰਮੀ ਬਚਾਓ-ਤੰਤਰ ਦੇ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ।ਇਸ ਰਾਹੀਂ ਦਬਾਓ ਦਾ ਨਿਕਾਸ ਤਾਂ ਸੰਭਵ ਹੁੰਦਾ ਹੈ,ਪਰ ਇਹ ਜੀਵਨ ਦੀਆਂ ਅਸਲ ਮੁਸ਼ਕਲਾਂ ਨੂੰ ਹੱਲ ਕਰਨ ਜਾਂ ਉਨ੍ਹਾਂ ਨਾਲ ਸਿੱਝਣ ਵਿਚ ਕੋਈ ਬਹੁਤਾ ਕਾਰਗਾਰ ਸਾਬਿਤ ਨਹੀਂ ਹੁੰਦਾ।ਫ਼ਰਾਇਡ ਅਨੁਸਾਰ ਧਰਮ ਮਾਨਵੀ ਜੀਵਨ ਦੀਆਂ ਅਸਲ ਲੋੜਾਂ ਅਤੇ ਡਰਾਂ ਨੂੰ ਨਕਲੀ ਅਤੇ ਚਿੰਨ੍ਹਤ ਰੂਪ ਵਿਚ ਰੂਪਾਂਤਰਰਿਤ ਕਰ ਦਿੰਦਾ ਹੈ। ਇਸ ਤਰ੍ਹਾਂ ਹੋਣਾ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦੀਆਂ ਅਸਲ ਜੀਵਨ ਹਾਲਤਾਂ ਤੋਂ ਦੂਰ ਕਰ ਦਿੰਦਾ ਹੈ, ਉਹ ਇਕ ਖਾਸ ਕਿਸਮ ਦੇ ਅਲਗਾਵ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਸਥਿਤੀ ਲੋਕਾਂ ਨੂੰ ਇਸ ਤਰ੍ਹਾਂ ਦੀ ਜਿਉਣ-ਵਿਧੀ ਪ੍ਰਦਾਨ ਕਰਦੀ ਹੈ ਕਿ ਉਹ ਜਿਉਂਏ ਜਾ ਰਹੇ ਜੀਵਨ ਦੀਆਂ ਅਸਲ ਮੁਸ਼ਕਲਾਂ, ਉਦਾਸੀਆਂ ਅਤੇ ਨਿਰਾਸ਼ਾਵਾਂ ਨਾਲ ਸਿੱਧੇ ਰੂਪ ਵਿਚ ਸਿੱਝਣ ਤੋਂ ਦੂਰ ਹੋ ਜਾਂਦੇ ਹਨ। ਫ਼ਰਾਇਡਇਸ ਧਾਰਨਾ ਦੇ ਹਵਾਲੇ ਧਰਮ ਦੀ ਹੋਂਦ ’ਤੇ ਤਿੱਖਾ ਹਮਲਾ ਕਰਦਾ ਆਖਦਾ ਹੈ ਕਿ ਇਹ ਜ਼ਿਆਦਾ ਚੰਗਾ ਹੋਵੇਗਾ ਕਿ ਲੋਕ ਧਰਮ ਰੂਪੀ ਬਣਤਰ ਤੋਂ ਮੁਕਤ ਹੋਣ, ਅਜਿਹਾ ਹੋਣ ’ਤੇ ਉਹ ਸਥਿਤੀਆਂ ਨਾਲ ਸਿੱਧੇ ਰੂਪ ਵਿਚ ਦੋ-ਚਾਰ ਹੁੰਦੇ ਬੇਹਤਰ ਜੀਵਨ ਜਿਉਂ ਸਕਣ ਦੇ ਸਮਰੱਥ ਹੋਣਗੇ। ਫ਼ਰਾਇਡ ਅਨੁਸਾਰ ਇਹ ਸਥਿਤੀ ਬਿਲਕੁਲ ਇਸ ਤਰ੍ਹਾਂ ਦੀ ਹੋਵੇਗੀ ਜਿਵੇਂ ਕੋਈ ਤੰਤੂ-ਰੋਗ ਨਾਲ ਸਬੰਧਿਤ ਵਿਅਕਤੀ ਬੀਮਾਰੀ ਤੋਂ ਛੁਟਕਾਰਾ ਪਾਉਣ ਤੋਂ ਬਾਅਦ ਜੀਵਨ ਨੂੰ ਠੀਕ ਤਰ੍ਹਾਂ ਨਾਲ ਸਮਝਣ ਅਤੇ ਮਾਨਣ ਦੇ ਸਮਰੱਥ ਹੋ ਜਾਂਦਾ ਹੈ।

ਫ਼ਰਾਇਡ ਦੇ ਧਰਮ ਸਬੰਧੀ ਵਿਚਾਰ ਉਸ ਦੀਆਂ ਤਿੰਨ ਪੁਸਤਕਾਂ; ‘Totem and Taboos’, ‘The Future of an Illusion’ ਅਤੇ ‘Moses and Monotheism’ ਵਿਚ ਮਿਲਦੇ ਹਨ। ਸੰਨ 1913 ਵਿਚ ਛਪੀ ਪੁਸਤਕ ‘Totem and Taboos’ ਇਕ ਈਸ਼ਰਵਾਦੀ ਧਰਮ ਦੀ ਸਥਾਪਨਾ ਨੂੰ ਉਸ ਵੇਲੇ ਦੇ ਜੀਵਨ ਦੀ ਮਾਨਸਿਕ ਵਿਵਸਥਾ ਦੇ ਹਵਾਲੇ ਨਾਲ ਸਮਝਣ ਦਾ ਯਤਨ ਹੈ। ਫ਼ਰਾਇਡ ਡਾਰਵਿਨ ਦੇ ਹਵਾਲੇ ਨਾਲ ਲਿਖਦਾ ਹੈ ਕਿ ਮੁਢਲਾ ਮਾਨਵ ਜ਼ਰੂਰ ਹੀ ਕਬੀਲੇ ਦੇ ਰੂਪ ਵਿਚ ਗੁਫ਼ਾਵਾਂ ਵਿਚ ਰਹਿੰਦਾ ਸੀ। ਉਸ

ਸਮੇਂ ਦੀ ਪਰੰਪਰਾ ਅਨੁਸਾਰ ਔਰਤਾਂ ਅਤੇ ਬੱਚਿਆਂ ਨਾਲ ਭਰਪੂਰ ਇਕ ਕਬੀਲੇ ਦਾ ਆਗੂ ਅਤੇ ਮਾਲਕ ਇਕ ਸ਼ਕਤੀਸ਼ਾਲੀ ਪੁਰਸ਼ ਹੁੰਦਾ ਸੀ। ਇਕ ਕਬੀਲੇ ਦੀਆਂ ਵਿਭਿੰਨ ਧਿਰਾਂ ਵਿਚਕਾਰ ਇਕ ਖਾਸ ਕਿਸਮ ਦਾ ਭਰੱਪਣ ਅਤੇ ਬਾਹਰਲੇ ਹਮਲਿਆਂ ਤੋਂ ਬਚਣ ਲਈ ਇਕਜੁੱਟਤਾ ਹੁੰਦੀ ਸੀ, ਉੱਥੇ ਹੀ ਇਕ ਕਬੀਲੇ ਦੇ ਨੌਜਵਾਨਾਂ ਵਿਚ ਇਕ ਦੁਬਿਧਾ ਅਤੇ ਅਸੰਤੁਸ਼ਟੀ ਵੀ ਪਾਈ ਜਾਂਦੀ ਸੀ। ਨੌਜਵਾਨ ਮਰਦਾਂ ਨੂੰ ਆਪਣੇ ਪਿਤਾ ਤੋਂ ਇਕ ਖਾਸ ਤਰ੍ਹਾਂ ਦੇ ਡਰ ਅਤੇ ਇਕ ਖਾਸ ਤਰ੍ਹਾਂ ਦੀ ਸੁਰੱਖਿਅਤਾ ਦਾ ਅਹਿਸਾਸ ਹੁੰਦਾ ਸੀ। ਉਹ ਉਸ ਦੀ ਛਤਰ ਛਾਇਆ ਹੇਠ ਜਿੱਥੇ ਇਕ ਪਾਸੇ ਸੁਰੱਖਿਅਤਾ/ਸੰਤੁਸ਼ਟਤਾ ਮਹਿਸੂਸ ਕਰਦੇ ਸਨ, ਉਥੇ ਦੂਜੇ ਪਾਸੇ ਆਪਣੇ ਪਿਤਾ ਪ੍ਰਤਿ ਦੁਸ਼ਮਣੀ ਅਤੇ ਰੰਜਿਸ਼ ਵੀ ਰੱਖਦੇ ਸਨ। ਉਨ੍ਹਾਂ ਦੇ ਅੰਦਰ ਆਪਣੇ ਪਿਤਾ ਪ੍ਰਤਿ ਚਾਹਤ ਅਤੇ ਨਫ਼ਰਤ ਦੇ ਭਾਵ ਬਰਾਬਰ ਰੂਪ ਵਿੱਚ ਬਣੇ ਰਹਿੰਦੇ ਸਨ। ਨਫ਼ਰਤ ਦੇ ਭਾਵ ਦਾ ਕਾਰਨ ਇਹ ਸੀ ਕਿ ਕਬੀਲੇ ਦੀਆਂ ਤਮਾਮ ਔਰਤਾਂ ਉਸ ਦੇ ਅਧਿਕਾਰ ਅਧੀਨ ਸਨ। ਨੌਜਵਾਨ ਮਰਦ ਕਾਮੁਕ ਪੱਧਰ ਤੋਂ ਇਨ੍ਹਾਂ ਔਰਤਾਂ ਦੀ ਚਾਹਤ ਕਰਦੇ ਸਨ ਪਰ ਪਿਤਾ ਦੇ ਅਧੀਨ ਹੋਣ ਕਾਰਨ ਉਹ ਇਨ੍ਹਾਂ ਨੂੰ ਪਾਉਣ ਤੋਂ ਅਸਮਰੱਥ ਸਨ। ਇਕ ਪਾਸੇ ਡਰ/ਸੁਰੱਖਿਅਤਾ ਦਾ ਅਹਿਸਾਸ ਅਤੇ ਦੂਜੇ ਪਾਸੇ ਔਰਤਾਂ ਦੀ ਚਾਹਤ; ਨਤੀਜਨ ਨੌਜਵਾਨ ਮਰਦ ਇਕ ਇਸ ਕਿਸਮ ਦੇ ਮਾਨਸਿਕ ਦਵੰਦ ਦਾ ਸ਼ਿਕਾਰ ਹੋ ਜਾਂਦੇ ਸਨ। ਇਸ ਦਵੰਦ ਦਾ ਅੰਤਿਮ ਨਤੀਜਾ ਪਿਤਾ ਦੇ ਕਤਲ ਦੇ ਰੂਪ ਵਿਚ ਨਿਕਲਦਾ ਸੀ। ਕਬੀਲੇ ਦੇ ਨੌਜਵਾਨ ਮਰਦ ਪਿਤਾ ਦੇ ਕਤਲ ਤੋਂ ਬਾਅਦ ਉਸ ਦੇ ਸਰੀਰ ਨੂੰ ਖਾ ਜਾਂਦੇ ਸਨ ਅਤੇ ਉਸ ਦੀਆਂ ਔਰਤਾਂ ’ਤੇ ਅਧਿਕਾਰ ਜਮਾਉਂਦੇ ਸਨ। ਅਜਿਹਾ ਵਿਭਿੰਨ ਕਬੀਲ਼ਿਆਂ ਵਿਚ ਵਿਭਿੰਨ ਸਮਿਆਂ ’ਤੇ ਜਦੋਂ ਵਾਪਰਦਾ ਸੀ ਤਾਂ ਸ਼ੁਰੂ ਵਿਚ ਤਾਂ ਇਹ ਆਨੰਦ ਦਾ ਸਰੋਤ ਬਣਦਾ ਸੀ ਪਰ ਕੁਝ ਦੇਰ ਬਾਅਦ ਇਹ ਗੁਨਾਹ ਅਤੇ ਪ੍ਰਾਸ਼ਚਿਤ ਦਾ ਰੂਪ ਅਖ਼ਤਿਆਰ ਕਰ ਲੈਂਦਾ ਸੀ। ਆਪਣੇ ਸਤਿਕਾਰਤ ਕੁਲ-ਪਿਤਾ ਦਾ ਕਤਲ ਉਨ੍ਹਾਂ ਨੂੰ ਦੁੱਖ ਨਾਲ ਭਰ ਦਿੰਦਾ ਸੀ ਅਤੇ ਉਹ ਕੁਲ-ਪਿਤਾ ਦੀ ਵਾਪਸੀ ਲਈ ਤੜਫ਼ਣ ਲਗਦੇ ਸਨ। ਪਿਤਾ ਕਿਉਂਕਿ ਮਰ ਚੁੱਕਿਆ ਹੁੰਦਾ ਸੀ, ਇਸ ਕਾਰਨ ਉਸ ਦਾ ਵਾਪਸ ਆਉਣਾ ਤਾਂ ਅਸੰਭਵ ਹੁੰਦਾ ਸੀ। ਇਸ ਸਥਿਤੀ ਵਿਚ ਉਹ ਕਿਸੇ ਜਾਨਵਰ ਜਾਂ ਪੌਦੇ ਨੂੰ ਪਿਤਾ ਦੇ ਰੂਪ ਵਿਚ ਚਿਤਵ ਕੇ ਉਸ ਦੀ ਪੂਜਾ ਸ਼ੁਰੂ ਕਰ ਦਿੰਦੇ ਸਨ। ਪਿਤਾ ਨੂੰ ਚਿੰਨ੍ਹ ਦੇ ਰੂਪ ਵਿਚ ਕਲਪਣ ਦੀ ਪ੍ਰਕਿਰਿਆ ਨੂੰ ਫ਼ਰਾਇਡ ਟੋਟਮ ਆਖਦਾ ਹੈ।।

‘ਟੋਟਮ’(ਕੁਟੰਭ ਚਿੰਨ੍ਹ) ਕਿਸੇ ਵਿਸ਼ੇਸ਼ ਸਮਾਜਕ ਟੋਲੇ ਜਾਂ ਕਬੀਲੇ ਦਾ ਪਛਾਣ ਚਿੰਨ੍ਹ ਹੁੰਦਾ ਹੈ ਜੋ ਕਿਸੇ ਜਾਨਵਰ ਜਾਂ ਪੌਦੇ ਦੇ ਨਾਂ ਤੇ ਹੁੰਦਾ ਹੈ ਪਰ ਜ਼ਿਆਦਾਤਰ ਜਾਨਵਰ ਹੀ ਕਬੀਲੇ ਦਾ ਟੋਟਮ ਜਾਂ ਚਿੰਨ੍ਹ ਬਣਦਾ ਹੈ।ਕੁਟੰਭ-ਚਿੰਨ੍ਹ ਇਕ ਪਾਸੇ ਕਬੀਲੇ ਦੇ ਸਮੂਹਿਕ ਸਰੂਪ ਦਾ ਪ੍ਰਤੀਕ ਹੈ ਅਤੇ ਦੂਜੇ ਪਾਸੇ ਇਹ ਪਿਤਾ-ਪੁਰਖੀ ਵਿਰਾਸਤ ਨੂੰ ਪੇਸ਼ ਕਰਨ ਵਾਲਾ ਪ੍ਰਬੰਧ ਵੀ ਹੈ। ਫ਼ਰਾਇਡ ਟੋਟਮ ਤੋਂ ਹੀ ਧਰਮ ਦਾ ਜਨਮ ਹੋਇਆ ਮੰਨਦਾ ਹੈ।ਫ਼ਰਾਇਡ ਅਨੁਸਾਰ ਟੋਟਮ ਨੂੰ ਮੰਨਣ ਵਾਲੇ ਕਬੀਲੇ ਵਿਚ ਕੁਝ ਸਖ਼ਤ ਮਨਾਹੀਆਂ ਜਾਂ ਬੰਦਿਸ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਟੈਬੂ ਕਿਹਾ ਜਾਂਦਾ ਹੈ।ਕਬੀਲੇ ਦੇ ਦੋ ਮੁੱਖ ਟੈਬੂ ਹਨ, ਪਹਿਲਾਟੋਟਮ-ਜੀਵ (ਜਿਸ ਜਾਨਵਰ ਨੂੰ ਪਿਤਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ) ਨੂੰ ਮਾਰਨ ਦੀ ਮਨਾਹੀ ਹੈ।ਡੇਨੀਅਲ ਐਲ. ਪਾਲਜ਼ ਫ਼ਰਾਇਡ ਦੇ ਧਰਮ ਸਬੰਧੀ ਚਿੰਤਨ ਨੂੰ ਵਿਸ਼ਲੇਸ਼ਿਤ ਕਰਦਾ ਲਿਖਦਾ ਹੈ ਕਿ ਜਿਨਸੀ ਸਬੰਧਾਂ ਦੇ ਟੈਬੂ ਦੇ ਮੁਕਾਬਲੇ ਟੋਟਮ-ਜੀਵ ਨੂੰ ਨਾ ਮਾਰਨਾ ਵਾਲੇ ਟੈਬੂ ਦਾ ਮਸਲਾ ਵਧੇਰੇ ਗੁੰਝਲਦਾਰ ਹੈ। ਸਾਧਾਰਨ ਤੌਰ ਤੇ ਤਾਂ ਟੋਟਮ ਬਹੁਤ ਪਵਿੱਤਰ ਚਿੰਨ੍ਹ ਹੁੰਦਾ ਹੈ, ਪਰ ਅਸਟਰੇਲੀਅਨ ਕਬੀਲਿਆਂ ’ਤੇ ਹੋਈ ਖੋਜ ਦਰਸਾਉਂਦੀ ਹੈ ਕਿ ਕੁਝ ਖਾਸ ਪਵਿੱਤਰ ਮੌਕਿਆਂ ’ਤੇ ਟੋਟਮ ਨੂੰ ਨਾ ਮਾਰਨ ਵਾਲਾ ਪੈਟਰਨ ਬਦਲ ਜਾਂਦਾ ਹੈ। ਇਨ੍ਹਾਂ ਮੌਕਿਆਂ ’ਤੇ ਟੋਟਮ-ਜਾਨਵਰ ਨੂੰ ਰੀਤੀ ਭੋਜਨ ਦੌਰਾਨ ਮਾਰਿਆ ਅਤੇ ਖਾਧਾ ਜਾਂਦਾ ਹੈ।ਫ਼ਰਾਇਡ ਇਸ ਵਰਤਾਰੇ ਨੂੰ ਬਹੁਤ ਅਹਿਮ ਖ਼ਿਆਲ ਕਰਦਾ ਹੈ। ਉਸ ਅਨੁਸਾਰ ਕਬੀਲਾ ਟੋਟਮ-

ਜਾਨਵਰ ਨੂੰ ਮਾਰਨ ਅਤੇ ਖਾਣ ਦੀ ਪ੍ਰਕਿਰਿਆ ਰਾਹੀਂ ਇਕ ਪਾਸੇ ਆਪਣੇ ਕੁਲ-ਪਿਤਾ ਨਾਲ ਜੁੜਦੇ ਸਬੰਧਾਂ ਨੂੰ ਪੁਨਰ-ਸਿਮਰਦਾ ਹੈ ਅਤੇ ਦੂਜੇ ਪਾਸੇ ਇਸ ਰਾਹੀਂ ਪਰੰਪਰਾਗਤ ਰੰਜਿਸ਼ ਅਤੇ ਨਫ਼ਰਤ ਦਾ ਨਿਕਾਸ ਵੀ ਕਰਦਾ ਹੈ।

ਫ਼ਰਾਇਡ ਮਨੋਵਿਸ਼ਲੇਸ਼ਣ ਦੇ ਨੁਕਤਾ-ਨਜ਼ਰ ਤੋਂ ਇਹ ਧਾਰਨਾ ਪੇਸ਼ ਕਰਦਾ ਹੈ ਕਿ ਟੈਬੂ ਅਸਲ ਵਿਚ ਉਹ ਹੀ ਸਥਾਪਿਤ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਵਕਤ ਦੇ ਕਿਸੇ ਮੋੜ 'ਤੇ ਵਪਰਾਉਣ ਦੀ ਸੱਧਰ ਮਾਨਵੀ ਮਨ ਵਿਚ ਰਹੀ ਹੁੰਦੀ ਹੈ। ਸਪਸ਼ਟ ਤੌਰ 'ਤੇ ਇਹ ਅਜਿਹੇ ਗੁਨਾਹ ਹੁੰਦੇ ਹਨ, ਜਿਨ੍ਹਾਂ ਨੂੰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ।ਦੂਜਾਟੈਬੂ, ਕਬੀਲੇ ਦੇ ਜੀਆਂ ਦੇ ਆਪਸੀ ਜਿਨਸੀ ਸੰਬੰਧਾਂ ਅਤੇ ਵਿਆਹ ਦੀ ਮਨਾਹੀ ਹੈ।ਕੁਲ-ਪਿਤਾ ਦਾ ਕਤਲ ਕਿਉਂਕਿ ਮਾਵਾਂ ਨੂੰ ਹਥਿਆਉਣ ਲਈ ਕੀਤਾ ਗਿਆ ਸੀ, ਲਿਹਾਜ਼ਾ ਇਸ ਕਤਲ ਨਾਲ ਇਕ ਵੱਡਾ ਖ਼ਤਰਾ ਰਿਸ਼ਤੇ ਵਜੋਂ ਆਪਣੀਆਂ ਹੀ ਮਾਵਾਂ ਨਾਲ ਸੰਭੋਗ ਹੋ ਜਾਣ ਦਾ ਪੈਦਾ ਹੁੰਦਾ ਸੀ। ਇਸ ਨੂੰ ਰੋਕਣ ਲਈ ਕਬੀਲੇ ਅੰਦਰ ਸਰੀਰਕ ਸਬੰਧਾਂ ਨੂੰ ਇਕ ਵੱਡੀ ਰੋਕ ਵਜੋਂ ਸਥਾਪਿਤ ਕੀਤਾ ਗਿਆ ਸੀ।ਕਬੀਲੇ ਦੇ ਅੰਦਰ ਕਿਸੇ ਵੀ ਔਰਤ ਨਾਲ ਸਰੀਰਕ ਸਬੰਧਾਂ ਦੀ ਮਨਾਹੀ ਹੁੰਦੀ ਸੀ ਅਤੇ ਸਰੀਰਕ ਸਬੰਧਾਂ ਹਿੱਤ ਔਰਤ ਦੀ ਭਾਲ ਕਿਸੇ ਦੂਸਰੇ ਟੋਟਮ ਕਬੀਲੇ ਵਿਚ ਕੀਤੀ ਜਾਣੀ ਨਿਸ਼ਚਤ ਕੀਤੀ ਗਈ ਸੀ।ਇਕੋ ਟੋਟਮ ਨੂੰ ਮੰਨਣ ਵਾਲੇ ਕਬੀਲੇ ਸਾਂਝੇ ਖ਼ੂਨ ਦੇ ਰਿਸ਼ਤੇ ਨੂੰ ਮਾਨਤਾ ਦਿੰਦੇ ਹੋਏ ਆਪਸ ਵਿਚ ਵਿਆਹ ਨਹੀਂ ਕਰਵਾ ਸਕਦੇ ਸਨ।

ਟੋਟਮ ਨੂੰ ਪੂਜਣ ਅਤੇ ਮਾਰਨ ਦੀ ਪ੍ਰਕਿਰਿਆ ਮਾਨਵੀ ਹੋਂਦ ਦੇ ਮੁਢਲੇ ਦੌਰ ਦੇ ਮਾਨਸਕਿ ਦਵੰਦ ਨੂੰ ਪ੍ਰਤਿਬਿੰਬਤ ਕਰਦੀ ਹੈ। ਇਹ ਦਵੰਦ ਹੀ ਅੰਤਿਮ ਰੂਪ ਵਿਚ ਇਕਈਸ਼ਵਾਰਵਾਦੀ ਧਰਮ ਦੀ ਸਿਰਜਣਾ ਦਾ ਮੂਲ ਆਧਾਰ ਬਣਦਾ ਹੈ। ਕੁਲ-ਪਿਤਾ ਨੂੰ ਪਹਿਲਾਂ ਟੋਟਮ ਦੇ ਰੂਪ ਵਿਚ ਪ੍ਰਤਿਬਿੰਬਤ ਕਰਨਾ ਅਤੇ ਫ਼ਿਰ ਇਸ ਨੂੰ ਪੂਜਣ ਦੀ ਪ੍ਰਕਿਰਿਆ ਇਤਿਹਾਸ ਦੇ ਵਿਭਿੰਨ ਪੜਾਵਾਂ ਵਿੱਚੋਂ ਗੁਜ਼ਰਦੀ ਧਰਮ ਦੇ ਸਮਕਾਲੀ ਰੂਪ ਤੱਕ ਪਹੁੰਚਦੀ ਹੈ। ਫ਼ਰਾਇਡ ਅਨੁਸਾਰ ਧਰਮ ਰੂਪੀ ਵਿਸ਼ਵਾਸ ਦੀਆਂ ਜੜ੍ਹਾਂ ਈਡੀਪਸ ਗੁੰਝਲ ਦਾ ਨਤੀਜਾ ਹਨ, ਜਿਸ ਵਿਚ ਪਿਤਾ ਨੂੰ ਮਾਰਨ ਅਤੇ ਮਾਂ ਨਾਲ ਸੰਭੋਗ ਕਰਨ ਦੀ ਚਾਹਤ ਤਕੜੇ ਦਵੰਦ ਅਤੇ ਮਾਨਸਿਕ ਕਲੇਸ਼ ਦਾ ਸਬੱਬ ਬਣਦੀ ਹੈ। ਇਸ ਦਵੰਦ ਅਤੇ ਮਾਨਸਿਕ ਕਲੇਸ਼ ਤੋਂ ਛੁਟਕਾਰਾ ਪਾਉਣ ਖਾਤਰ ਹੀ ਮੁਢਲੇ ਮਾਨਵ ਨੇ ਟੋਟਮ ਰੂਪੀ ਚਿੰਨ੍ਹ ਅਤੇ ਵਿਸ਼ਵਾਸ ਦੀ ਸਿਰਜਣਾ ਕਰ ਲਈ ਸੀ। ਇਸ ਤਰ੍ਹਾਂ ਫ਼ਰਾਇਡ ਇਹ ਸੁਝਾਉਂਦਾ ਹੈ ਕਿ ਧਰਮ ਕੋਈ ਉਚੇਰੀ ਸਾਰਥਕ ਮਾਨਵੀ ਸਰਗਰਮੀ ਨਹੀਂ ਸਗੋਂ ਇਹ ਮਾਨਵੀ ਹੋਂਦ ਦੇ ਮੁਢਲੇ ਦਵੰਦਾਂ ਦਾ ਇਕ ਰੂਪ ਮਾਤਰ ਹੈ। ਇਕ ਅਜਿਹਾ ਰੂਪ ਹੈ ਜਿਸ ਦੀ ਸਮਕਾਲ ਦੇ ਵਿਗਿਆਨ ਅਤੇ ਤਰਕ ਦੇ ਦੌਰ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਹੈ।

ਫ਼ਰਾਇਡ 1972 ਵਿਚ ਛਪੀ ਪੁਸਤਕ 'The future of an illusion' ਵਿਚ ਧਰਮ ਨੂੰ ਵਿਭਿੰਨ ਮਾਨਸਿਕ ਗੁੰਝਲਾਂ ਨਾਲ ਸਿੱਝਣ ਵਾਲੇ ਤੰਤਰ ਦੇ ਰੂਪ ਵਿਚ ਸੰਕਲਪਬੱਧ ਕਰਦਾ ਹੈ। ਫ਼ਰਾਇਡ ਅਨੁਸਾਰ ਧਰਮ ਅਜਿਹਾ ਬਚਾਅ ਤੰਤਰ ਹੈ ਜਿਹੜਾ ਇਕੱਲਤਾ ਅਤੇ ਨਿਰਾਸ਼ਤਾ ਦੇ ਭਾਵਾਂ ਤੋਂ ਮੁਕਤੀ ਤਾਂ ਦਿੰਦਾ ਹੈ ਪਰ ਵਿਅਕਤੀ ਨੂੰ ਅਜਿਹੇ ਲੱਛਣ ਪ੍ਰਦਾਨ ਕਰ ਦਿੰਦਾ ਹੈ, ਜੋ ਬਿਮਾਰ ਮਾਨਸਿਕਤਾ ਦੀ ਨਿਸ਼ਾਨਦੇਹੀ ਕਰਦੇ ਹਨ। ਦੂਜੇ ਸ਼ਬਦਾਂ ਵਿਚ ਧਰਮ ਨੂੰ ਮੰਨਣ ਵਾਲਾ ਵਿਅਕਤੀ ਅਸਲ ਵਿਚ ਇਕ ਖਾਸ ਕਿਸਮ ਦੀ ਦਿਮਾਗੀ ਖਸਲਤ ਦਾ ਧਾਰਕ ਹੁੰਦਾ ਹੈ, ਜਿਸ ਦਾ ਤਰਕ ਜਾਂ ਯਥਾਰਥ ਨਾਲ ਕੋਈ ਨਾਤਾ ਨਹੀਂ ਹੁੰਦਾ। ਫ਼ਰਾਇਡ ਧਰਮ ਬਾਰੇ ਚਰਚਾ ਕਰਦਾ ਇਸਨੂੰ ਇਕ ਛਲ (Illusion) ਸਿੱਧ ਕਰਦਾ ਹੈ ਅਤੇ ਇਸ ਨੂੰ ਭਰਮ (Delusion) ਤੋਂ ਵਖਰਿਆਉਂਦਾ ਹੈ। ਭਰਮ ਸੱਚਾਈ ਤੋਂ ਅਜਿਹੀ ਦੂਰੀ ਹੁੰਦੀ ਹੈ, ਜਿਸ ਦਾ ਕੋਈ ਯਥਾਰਥਕ ਆਧਾਰ ਨਹੀਂ ਹੁੰਦਾ ਜਦੋਂ ਕਿ ਛਲ ਅਸਲ ਸੰਭਾਵਨਾਵਾਂ ਨਾਲ ਓਤਪੋਤ ਹੁੰਦਾ ਹੈ। ਕਿਸੇ

ਵਿਸ਼ਵਾਸ ਨੂੰ ਭਰਮ ਵਿਚ ਤਬਦੀਲ ਉਸ ਦਾ ਯਥਾਰਥ ਨਾਲ ਨਾਤਾ ਨਹੀਂ ਕਰਦਾ, ਸਗੋਂ ਉਹ ਕਾਰਨ ਕਰਦਾ ਹੈ, ਜਿਸ ਕਾਰਨ ਅਸੀਂ ਉਸ ਵਿਚ ਵਿਸ਼ਵਾਸ ਕਰਦੇ ਹਾਂ। ਫ਼ਰਾਇਡ ਅਨੁਸਾਰ 'ਛਲ' ਇਕ ਇੱਛਾ-ਪੂਰਤੀ ਦੀ ਪ੍ਰਕਿਰਿਆ 'ਤੇ ਆਧਾਰਿਤ ਹੁੰਦਾ ਹੈ। ਲੋਕ ਇਸ 'ਤੇ ਵਿਸ਼ਵਾਸ ਇਸ ਦੇ ਤੱਥ ਆਧਾਰਿਤ ਹੋਣ ਕਾਰਨ ਨਹੀਂ, ਸਗੋਂ ਇਸ ਕਾਰਨ ਕਰਦੇ ਹਨ ਕਿ ਉਹ ਇਸ 'ਤੇ ਵਿਸ਼ਵਾਸ਼ ਕਰਨਾ ਚਾਹੁੰਦੇ ਹੁੰਦੇ ਹਨ।

ਫ਼ਰਾਇਡ ਅਨੁਸਾਰ ਲੋਕ ਵਿਭਿੰਨ ਕਿਸਮ ਦੇ ਦਬਾਵਾਂ ਹੇਠ ਜਿਉਂਦੇ ਹਨ, ਇਨ੍ਹਾਂ ਵਿੱਚੋਂ ਇਕ ਕਿਸਮ ਸਮਾਜਿਕ ਦਬਾਵਾਂ ਦੀ ਹੁੰਦੀ ਹੈ। ਸਮਾਜਿਕ ਤਾਣਾ-ਬਾਣਾ ਇਹ ਮੰਗ ਰੱਖਦਾ ਹੈ ਕਿ ਅਸੀਂ ਆਪਣੀਆਂ ਕੁਝ ਖਾਸ ਮੂਲ-ਚਾਹਤਾਂ ਨੂੰ ਦਬਾਅ ਕੇ ਰੱਖੀਏ ਜਾਂ ਉਨ੍ਹਾਂ ਨੂੰ ਦਿਸ਼ਾ-ਬੱਧ ਕਰੀਏ। ਜੇ ਕੋਈ ਵਿਅਕਤੀ ਸਮਾਜਿਕ ਆਦੇਸ਼ਾਂ ਦੀ ਪੂਰਤੀ ਨਹੀਂ ਕਰਦਾ ਤਾਂ ਸਮਾਜਿਕ ਪ੍ਰਬੰਧ ਉਸ ਵਿਭਿੰਨ ਤਰੀਕਿਆਂ ਰਾਹੀਂ ਛੁਟਿਆਉਂਦਾ ਹੈ। ਇਸ ਤਰ੍ਹਾਂ ਹੋਣ ਦੇ ਸਿੱਟੇ ਵਜੋਂ ਵਿਅਕਤੀ ਅੰਦਰ ਅਦਨੇਪਣ ਅਤੇ ਨਿਰਾਸ਼ਤਾ ਦਾ ਜਿਹੜਾ ਭਾਵ ਪੈਦਾ ਹੁੰਦਾ ਹੈ, ਉਸ ਨੂੰ ਪੂਰਨ ਹਿੱਤ ਧਰਮ ਰੂਪੀ ਬਣਤਰ ਕਾਰਜਸ਼ੀਲ ਹੁੰਦੀ ਹੈ। ਧਰਮ ਸਮਾਜਿਕ ਉਲਝਣਾਂ ਦੇ ਸਾਪਰਤੱਖ ਇਕ ਬਚਾਵ ਤੰਤਰ ਵਜੋਂ ਕਾਰਜਸ਼ੀਲ ਹੁੰਦਾ, ਲੋਕਾਂ ਸਮੂਹ ਨੂੰ ਧਰਮ ਦੇ ਹਵਾਲੇ ਮੂਲ-ਮਾਨਵੀ ਖਾਹਿਸ਼ਾਂ ਨੂੰ ਕਾਬੂ ਕਰਨ ਦਾ ਇੱਕ ਰਸਤਾ ਨਜ਼ਰ ਆਉਂਦਾ ਹੈ। ਧਰਮ ਬੰਧਨ ਨੂੰ ਚਾਹਤ ਦੇ ਰੂਪ ਵਿਚ ਤਬਦੀਲ ਕਰ ਦਿੰਦਾ ਹੈ। ਇਸ ਤਰ੍ਹਾਂ ਫ਼ਰਾਇਡ ਅਨੁਸਾਰ ਧਰਮ ਉਨ੍ਹਾਂ ਖਾਹਿਸ਼ਾਂ ਨਾਲ ਸਿੱਝਣ ਦੀ ਪ੍ਰਕਿਰਿਆ ਵਿੱਚੋਂ ਉਪਜਿਆ ਤੰਤਰ ਹੈ, ਜਿਹੜੀਆਂ ਮੂਲ ਰੂਪ ਵਿਚ ਬੁਰੀਆਂ ਅਤੇ ਖ਼ਤਰਨਾਕ ਹਨ।ਫ਼ਰਾਇਡ ਅਨੁਸਾਰ ਧਰਮ ਆਦਿ-ਕਾਲੀ ਅਤੇ ਦਬਾਈਆਂ ਗਈਆਂ ਖਾਹਿਸ਼ਾਂ ਦਾ ਚਿੰਨ੍ਹਤ ਰੂਪ ਹੈ। ਇਹ ਚਿੰਨ੍ਹਤ ਰੂਪ ਮਨੁੱਖ ਨੂੰ ਕੁਦਰਤੀਪਣ ਦੇ ਡਰ ਤੋਂ ਬਚਾਉਂਦਾ ਹੈ। ਇਹ ਨੀਅਤੀ ਨਾਲ ਜੋੜ-ਮੇਲ ਬਿਠਾਉਣ ਹਿੱਤ ਮਦਦ ਕਰਦਾ ਹੈ ਅਤੇ ਸਮਾਜਿਕ ਦਬਾਵਾਂ ਕਾਰਨ ਜਿਹੜਾ ਨੁਕਸਾਨ ਹੁੰਦਾ ਹੈ, ਉਸ ਨੂੰ ਭਰੇ ਜਾਣ ਦਾ ਅਹਿਸਾਸ ਦਿੰਦਾ ਹੈ।

ਸਾਰ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਫ਼ਰਾਇਡ ਧਰਮ ਸਬੰਧੀ ਚਿੰਤਨ ਪੇਸ਼ ਕਰਦਾ ਧਰਮ ਨੂੰ ਇਕ ਵਿਸ਼ੇਸ਼ ਕਿਸਮ ਦੇ ਤੰਤੂ-ਰੋਗ ਰੋਗ ਦੇ ਰੂਪ ਵਿਚ ਚਿੰਨ੍ਹਤ ਕਰਦਾ ਹੈ। ਉਸ ਅਨੁਸਾਰ ਧਰਮ ਇਕ ਅਜਿਹੀ ਬਣਤਰ ਹੈ, ਜਿਸ ਨੂੰ ਇਸ ਦੇ ਜ਼ਾਹਰਾ ਰੂਪ ਤੱਕ ਸੀਮਤ ਕਰਕੇ ਸਮਝਿਆ ਨਹੀਂ ਜਾ ਸਕਦਾ। ਧਰਮ ਜੋ ਸੁਝਾਉਂਦਾ ਜਾਂ ਸਿਖਾਉਂਦਾ ਹੈ, ਉਸ ਦਾ ਕੋਈ ਵਿਗਿਆਨਕ ਅਤੇ ਗਿਆਨ-ਸ਼ਾਸਤਰੀ ਆਧਾਰ ਨਹੀਂ। ਬੇਸ਼ੱਕ ਇਹ ਵਕਤੀ ਰੂਪ ਵਿਚ ਗੁੰਝਲਾਂ ਅਤੇ ਮੁਸ਼ਕਲਾਂ ਤੋਂ ਨਿਜਾਤ ਦਿਵਾਉਂਦਾ ਹੈ, ਪਰ ਅੰਤਿਮ ਰੂਪ ਵਿਚ ਇਹ ਸਥਿਤੀ ਤੋਂ ਭਾਂਜ ਦਾ ਸਬੱਬ ਬਣਦਾ ਹੈ।ਫ਼ਰਾਇਡ ਅਨੁਸਾਰ ਧਰਮ ਦੀ ਇਕ ਕਮਜ਼ੋਰੀ ਇਹ ਵੀ ਹੈ ਕਿ ਇਹ ਵਿਅਕਤੀਗਤ ਮਾਨਸਿਕ ਗੁੰਝਲਾਂ ਵਿੱਚੋਂ ਜਨਮ ਲੈਂਦਾ, ਸਿਰਜਤ ਪ੍ਰਵਚਨਾਂ ਨੂੰ ਸਮੂਹ ਤੇ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ।ਫ਼ਰਾਇਡ ਅੰਤਿਮ ਰੂਪ ਵਿਚ ਆਖਦਾ ਹੈ ਕਿ ਜੇ ਧਰਮ ਨੂੰ ਖ਼ਤਮ ਨਾ ਕੀਤਾ ਗਿਆ ਤਾਂ ਮਾਨਵਤਾ ਕਦੇ ਵੀ ਆਪਣੀ ਹੋਂਦ ਦੇ ਅਸਲ ਸਾਰ ਅਤੇ ਤੱਥਾਂ ਦੇ ਰੂਬਰੂ ਨਹੀਂ ਹੋ ਸਕੇਗੀ।

ਫ਼ਰਾਇਡ ਦਾ ਧਰਮ ਸਬੰਧੀ ਚਿੰਤਨ ਬੇਸ਼ੱਕ ਬੇਹੱਦ ਪ੍ਰਭਾਵਸ਼ਾਲੀ ਅਤੇ ਚਿਰ-ਸਥਾਈ ਪ੍ਰਭਾਵਾਂ ਵਾਲਾ ਹੈ। ਅਜਿਹਾ ਹੋਣ ਦੇ ਬਾਵਜੂਦ ਫ਼ਰਾਇਡ ਦੇ ਧਰਮ ਸਬੰਧੀ ਚਿੰਤਨ ਨੂੰ ਪ੍ਰਮਾਣਿਕ ਅਤੇ ਸਰਬਕਾਲੀ ਨਹੀਂ ਮੰਨਿਆ ਜਾ ਸਕਦਾ।ਧਰਮ ਬਾਰੇ ਫ਼ਰਾਇਡ ਦੁਆਰਾ ਪ੍ਰਸਤੁਤ ਵਿਚਾਰਾਂ ਨੂੰ ਉਸ ਦੇ ਸਮਕਾਲੀ ਅਤੇ ਅਗਲੇਰੀ ਪੀੜ੍ਹੀ ਦੇ ਮਨੋ-ਵਿਸ਼ੇਸ਼ਕਾਂ ਨੇ ਚਿੰਤਨ ਦਾ ਵਿਸ਼ਾ ਬਣਾਇਆ ਹੈ। ਚਾਰਲਿਸ ਐਡਲਰ ਅਨੁਸਾਰ ਫ਼ਰਾਇਡ ਚਿੰਤਨ ਤੁਲਨਾ/ਸਮਾਨਤਾ ਦੀ ਪ੍ਰਕਿਰਿਆ ਨੂੰ ਅਪਣਾਉਂਦਾ ਹੈ, ਇਹ ਸਬੂਤਾਂ ਰਾਹੀਂ ਸਿੱਧ

ਕਰਨ ਦੀ ਪ੍ਰਕਿਰਿਆ ਦਾ ਅਨੁਸਾਰੀ ਨਹੀਂ। ਇਸ ਤਰ੍ਹਾਂ ਇਹ ਕਿਸੇ ਵਿਚਾਰ ਨੂੰ ਤੱਥਾਂ ਰਾਹੀਂ ਸਿੱਧ ਕਰਨ ਦੀ ਬਜਾਇ ਕਿਸੇ ਵਰਤਾਰੇ ਨੂੰ ਇਕ ਖਾਸ ਨੁਕਤਾ-ਨਜ਼ਰ ਤੋਂ ਦੇਖਣ ਦੀ ਪ੍ਰੇਰਨਾ ਦਿੰਦਾ ਹੈ। ਇਹ ਨੁਕਤਾ-ਨਜ਼ਰ ਧਰਮ ਦੇ ਰੂਪ ਅਤੇ ਪ੍ਰਕਾਰਜ ਨੂੰ ਇਕ ਨਵੇਂ ਤਰੀਕੇ ਨਾਲ ਦੇਖਣ ਦਾ ਜ਼ਾਵੀਆ ਤਾਂ ਦਿੰਦਾ ਹੈ, ਪਰ ਇਹ ਠੀਕ, ਉਚਿਤ ਅਤੇ ਤੱਥ ਆਧਾਰਿਤ ਹੈ, ਇਸ ਗਲ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ।ਫ਼ਰਾਇਡ ਦੀ ਇਹ ਧਾਰਨਾ ਕਿ ਮਨੋਵਿਸ਼ਲੇਸ਼ਣ ਨੂੰ ਜ਼ਰੂਰ ਹੀ ਨਾਸਤਿਕਤਾ ਦਾ ਰਸਤਾ ਅਪਣਾਉਣਾ ਚਾਹੀਦਾ ਹੈ, ਨਾਲ ਵੀ ਬਹੁਤ ਸਾਰੇ ਚਿੰਤਕ ਸਹਿਮਤ ਨਹੀਂ ਹੁੰਦੇ। ਮਿਸਾਲ ਵਜੋਂ ਇਸ ਪ੍ਰਸੰਗ ਵਿਚ ਸੀ. ਜੀ. ਜੁੰਗ ਅਤੇ ਐਮ. ਸਕੌਟ ਪੈਂਕ ਦਾ ਨਾਂ ਵਰਣਨਯੋਗ ਹੈ। ਇਸ ਆਲੋਚਨਾ ਦੇ ਬਾਵਜੂਦ ਧਰਮ ਚਿੰਤਨ ਦੇ ਪ੍ਰਸੰਗ ਵਿਚ ਫ਼ਰਾਇਡ ਦੀਆਂ ਧਾਰਨਾਵਾਂ ਅਹਿਮ ਹਨ। ਧਰਮ-ਚਿੰਤਨ ਦੇ ਖੇਤਰ ਵਿਚ ਇਨ੍ਹਾਂ ਨਾਲ ਸੰਵਾਦ ਰਚਾਏ ਬਿਨ੍ਹਾਂ ਧਰਮ ਦੇ ਰੂਪ, ਪ੍ਰਕਾਰਜ ਅਤੇ ਇਸ ਦੀ ਬਣਤਰ ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ।

Type Setting :

Department of Distance Education, Punjabi University, Patiala.